Please note: Legal information may not be up to date

WEST COAST
LEAF



Legal
Services
Society

British Columbia
www.legalaid.bc.ca

# ਸੈਪਾਰੇਸ਼ਨ ਐਗਰੀਮੈਂਟਸ

*ਤੁਹਾਡਾ ਇਨਸਾਫ ਮਿਲਣ ਦਾ ਹੱਕ*

## SEPARATION AGREEMENTS

*Your Right to Fairness*

PUNJABI

August 2013

# ਮਾਨਤਾ

*ਸੈਪਾਰੇਸ਼ਨ ਐਗਰੀਮੈਂਟਸ: ਤੁਹਾਡਾ ਇਨਸਾਫ ਮਿਲਣ ਦਾ ਹੱਕ* ਦਾ 2013 ਅਡੀਸ਼ਨ, ਵੈੱਸਟ ਕੋਸਟ ਲੀਗਲ ਐਜੂਕੇਸ਼ਨ ਐਂਡ ਐਕਸ਼ਨ ਫੰਡ (ਵੈੱਸਟ ਕੋਸਟ ਲੀਫ) ਅਤੇ ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਦੀ ਇਕ ਸਾਂਝੀ ਲਿਖਤ ਹੈ।

**ਵੈੱਸਟ ਕੋਸਟ ਲੀਫ** ਬੀ ਸੀ ਦੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੁਸਾਇਟੀ ਹੈ ਅਤੇ ਫੈਡਰਲ ਤੌਰ 'ਤੇ ਰਜਿਸਟਰਸ਼ੁਦਾ ਦਾਨੀ ਸੰਸਥਾ ਹੈ। ਇਸ ਨੂੰ ਬੋਰਡ ਦੇ ਚੁਣੇ ਜਾਂਦੇ ਡਾਇਰੈਕਟਰਾਂ ਵਲੋਂ ਚਲਾਇਆ ਜਾਂਦਾ ਹੈ ਅਤੇ ਇਸ ਦੀ ਮਦਦ ਸਰਗਰਮ ਮੈਂਬਰ, ਵਚਨਬੱਧ ਵਾਲੰਟੀਅਰ ਅਤੇ ਸਮਰਪਿਤ ਸਟਾਫ ਕਰਦਾ ਹੈ।

**ਲੀਗਲ ਸਰਵਿਸਿਜ਼ ਸੁਸਾਇਟੀ** ਇਕ ਆਜ਼ਾਦ ਸੰਸਥਾ ਹੈ ਜਿਹੜੀ ਕਿ ਬ੍ਰਿਟਿਸ਼ ਕੋਲੰਬੀਅਨਾਂ ਨੂੰ ਕਾਨੂੰਨੀ ਸਹਾਇਤਾ ਦਿੰਦੀ ਹੈ। ਇਸ ਨੂੰ ਫੰਡ ਮੁੱਖ ਤੌਰ 'ਤੇ ਸੂਬੇ ਦੀ ਸਰਕਾਰ ਤੋਂ ਮਿਲਦੇ ਹਨ, ਅਤੇ ਇਸ ਨੂੰ ਲਾਅ ਫਾਊਂਡੇਸ਼ਨ ਅਤੇ ਨੋਟਰੀ ਫਾਊਂਡੇਸ਼ਨ ਤੋਂ ਵੀ ਫੰਡ ਮਿਲਦੇ ਹਨ।

ਇਸ ਕਿਤਾਬਚੇ ਨੂੰ ਸਿੰਪਲੀਫਾਇਡ ਅਤੇ ਟ੍ਰਾਡੀਸ਼ਨਲ ਚਾਇਨੀਜ਼, ਅੰਗਰੇਜ਼ੀ, ਪੰਜਾਬੀ, ਸਪੇਨੀ, ਅਤੇ ਟੈਗਾਲੋਗ ਭਾਸ਼ਾਵਾਂ ਵਿਚ ਤਿਆਰ ਕਰਨ, ਛਾਪਣ ਅਤੇ ਵੰਡਣ ਵਿਚ ਮਿਲੀ ਮਦਦ ਲਈ ਵੈੱਸਟ ਕੋਸਟ ਲੀਫ, ਐੱਲ ਐੱਸ ਐੱਸ ਦੀ ਧੰਨਵਾਦੀ ਹੈ।

ਇਸ ਕਿਤਾਬਚੇ ਨੂੰ ਤਿਆਰ ਕਰਨ ਵਿਚ ਮਾਇਕ (ਫਾਇਨੈਂਸ਼ਲ) ਮਦਦ ਲਈ ਵੈੱਸਟ ਕੋਸਟ ਲੀਫ, ਸਟੇਟੱਸ ਔਫ ਵੋਮਿਨ ਕੈਨੇਡਾ ਦੀ ਵੀ ਧੰਨਵਾਦੀ ਹੈ।

ਵੈੱਸਟ ਕੋਸਟ ਲੀਫ ਅਤੇ ਐੱਲ ਐੱਸ ਐੱਸ ਉਨ੍ਹਾਂ ਵਕੀਲਾਂ ਅਤੇ ਐਡਵੋਕੇਟਾਂ ਦਾ ਵੀ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਇਸ ਲਿਖਤ ਦੇ ਖਰੜਿਆਂ ਬਾਰੇ ਆਪਣੇ ਵਿਚਾਰ ਦਿੱਤੇ।

**ਇਹ ਕਿਤਾਬਚਾ ਕਾਨੂੰਨ ਬਾਰੇ ਆਮ ਜਾਣਕਾਰੀ ਦਿੰਦਾ ਹੈ। ਇਸ ਦਾ ਮਕਸਦ ਤੁਹਾਡੀ ਕਿਸੇ ਖਾਸ ਸਮੱਸਿਆ ਬਾਰੇ ਕਾਨੂੰਨੀ ਸਲਾਹ ਦੇਣਾ ਨਹੀਂ ਹੈ। ਹਰ ਵਿਅਕਤੀ ਦਾ ਕੇਸ ਕਿਉਂਕਿ ਵੱਖਰਾ ਹੁੰਦਾ ਹੈ, ਤੁਹਾਨੂੰ ਕਾਨੂੰਨੀ ਸਲਾਹ ਲੈਣ ਦੀ ਲੋੜ ਹੋ ਸਕਦੀ ਹੈ। ਇਸ ਕਿਤਾਬਚੇ ਵਿਚਲੀ ਜਾਣਕਾਰੀ ਅਗਸਤ 2013 ਤੱਕ ਦੀ ਹੈ।**

ISSN 2292-9258 (Print)
ISSN 2292-9266 (Online)

ਕਾਪੀਰਾਈਟ: ਵੈੱਸਟ ਕੋਸਟ ਲੀਗਲ ਐਜੂਕੇਸ਼ਨ ਐਂਡ ਐਕਸ਼ਨ ਫੰਡ (ਵੈੱਸਟ ਕੋਸਟ ਲੀਫ), ਬ੍ਰਿਟਿਸ਼ ਕੋਲੰਬੀਆ
ਪਹਿਲਾ ਅਡੀਸ਼ਨ 2012
ਦੂਜਾ ਅਡੀਸ਼ਨ 2013

ਲੇਖਕ/ਕਾਨੂੰਨੀ ਰਿਵੀਊਕਾਰ: *Laura Track*
ਸੰਪਾਦਕ: *Carol Herter*
ਲੇਆਊਟ ਅਤੇ ਡਿਜ਼ਾਇਨ: *Sonja Mulabdic*
ਅਨੁਵਾਦ: *Gurmail Rai*

Legal information may not be up to date

WEST COAST
LEAF

# ਵਿਸ਼ਾ-ਵਸਤੂ


ਇਹ ਕਿਤਾਬਚਾ ਕਿਸ ਲਈ ਹੈ ....4

ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰਨਾ ....6

ਜਾਇਦਾਦ ਅਤੇ ਕਰਜ਼ੇ ਨੂੰ ਈਮਾਨਦਾਰੀ ਨਾਲ ਵੰਡਣਾ ....7

ਵਾਜਬ ਐਗਰੀਮੈਂਟ ਕਰਨਾ ....8

ਮਾਇਕ ਪੇਪਰ ....8

ਆਪਣੀ ਮਾਇਕ ਸਟੇਟਮੈਂਟ ਤਿਆਰ ਕਰਨਾ ....10

ਆਪਣੇ ਕੇਸ ਦੀ ਪੈਰਵੀ ਕਰਨਾ ਅਤੇ ਕਿਸੇ ਵਕੀਲ ਨਾਲ ਕੰਮ ਕਰਨਾ ....12

ਵਸੀਲੇ: ਮੁਫਤ ਕਾਨੂੰਨੀ ਮਦਦ ਕਿੱਥੋਂ ਲੈਣੀ ਹੈ ....14


Legal information may not be up to date

WEST COAST

LEAF

ਵੈੱਸਟ ਕੋਸਟ ਲੀਗਲ ਐਜੂਕੇਸ਼ਨ ਐਂਡ ਐਕਸ਼ਨ ਫੰਡ (ਵੈੱਸਟ ਕੋਸਟ ਲੀਫ) ਦਾ ਮਿਸ਼ਨ, ਬੀ ਸੀ ਆਧਾਰਿਤ ਬਰਾਬਰਤਾ ਦੇ ਹੱਕਾਂ ਦੇ ਮੁਕੱਦਮਿਆਂ, ਕਾਨੂੰਨੀ ਸੁਧਾਰਾਂ, ਅਤੇ ਪਬਲਿਕ ਨੂੰ ਕਾਨੂੰਨੀ ਸਿੱਖਿਆ ਰਾਹੀਂ ਔਰਤਾਂ ਖਿਲਾਫ ਆਮ ਵਿਤਕਰੇ ਦੇ ਇਤਿਹਾਸਕ ਨਮੂਨਿਆਂ ਵਿਚ ਤਬਦੀਲੀ ਕਰਕੇ ਬਰਾਬਰਤਾ ਹਾਸਲ ਕਰਨਾ ਹੈ।

ਫੈਮਿਲੀ ਲਾਅ ਔਰਤਾਂ ਦੀ ਬਰਾਬਰਤਾ ’ਤੇ ਕਈ ਤਰੀਕਿਆਂ ਨਾਲ ਅਸਰ ਪਾਉਂਦਾ ਹੈ। ਸੰਬੰਧਾਂ ਵਿਚ ਔਰਤਾਂ ’ਤੇ ਹਿੰਸਾ ਅਤੇ ਉਨ੍ਹਾਂ ਨਾਲ ਬੁਰਾ ਵਰਤਾਉ ਹੋਣ ਦੀ ਜ਼ਿਆਦਾ ਸੰਭਾਵਨਾ ਹੈ। ਰਿਸ਼ਤੇ ਦੇ ਟੁੱਟਣ ਤੋਂ ਬਾਅਦ, ਔਰਤਾਂ ਕੋਲ ਆਪਣੀ ਮਦਦ ਲਈ ਅਕਸਰ ਲੋੜੀਂਦੀ ਆਮਦਨ ਨਹੀਂ ਹੁੰਦੀ।

Legal information may not be up to date

*ਵੈੱਸਟ ਕੋਸਟ ਲੀਫ, ਉਨ੍ਹਾਂ ਕੇਸਾਂ ਵਿਚ ਦਖਲ ਦੇਣ ਵਾਲੇ ਵਜੋਂ, ਜਾਂ ਦਿਲਚਸਪੀ ਰੱਖਦੀ ਤੀਜੀ ਧਿਰ ਵਜੋਂ ਕਾਰਵਾਈ ਕਰਦੀ ਹੈ ਜਿਹੜੇ ਕਾਨੂੰਨ ਹੇਠ ਔਰਤਾਂ ਦੀ ਬਰਾਬਰਤਾ ’ਤੇ ਅਸਰ ਪਾਉਣਗੇ। ਸਾਲ 2009 ਵਿਚ, ਅਸੀਂ ਰਿਕ ਬਨਾਮ ਬਰੈਂਡਸੇਮਾ ਨਾਂ ਦੇ ਕੇਸ ਵਿਚ ਦਖਲਅੰਦਾਜ਼ੀ ਕੀਤੀ ਜਿਹੜਾ ਸੈਪਾਰੇਸ਼ਨ ਐਗਰੀਮੈਂਟ ਬਣਾਉਣ ਵੇਲੇ ਔਰਤਾਂ ਦੇ ਇਨਸਾਫ ਦੇ ਹੱਕ ਲਈ ਮਹੱਤਵਪੂਰਨ ਸੀ।*


*ਇਸ ਕਿਤਾਬਚੇ ਦਾ ਮੰਤਵ ਉਸ ਕੇਸ ਦੇ ਮਹੱਤਵਪੂਰਨ ਕਾਨੂੰਨੀ ਸਿਧਾਂਤਾਂ ਅਤੇ ਉਸ ਤੋਂ ਬਾਅਦ ਹੋਈਆਂ ਕਾਨੂੰਨੀ ਕਾਰਵਾਈਆਂ ਨੂੰ ਸਾਂਝਾ ਕਰਨਾ ਹੈ। ਸਾਡਾ ਟੀਚਾ, ਆਪਣੇ ਕਾਨੂੰਨੀ ਹੱਕਾਂ ਅਤੇ ਚੋਣਾਂ ਨੂੰ ਸਮਝਣ ਵਿਚ ਔਰਤਾਂ ਦੀ ਮਦਦ ਕਰਕੇ, ਫੈਮਿਲੀ ਲਾਅ ਦੇ ਕੇਸਾਂ ਵਿਚ ਇਨਸਾਫ ਤੱਕ ਔਰਤਾਂ ਦੀ ਪਹੁੰਚ ਵਿਚ ਸੁਧਾਰ ਕਰਨਾ ਹੈ।*

Legal information may not be up to date

**ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ) ਫੈਮਿਲੀ ਲਾਅ ਇਨ ਬੀ ਸੀ** ਵੈੱਬਸਾਈਟ ਵੱਖ ਵੱਖ ਰੂਪਾਂ ਵਿਚ ਫੈਮਿਲੀ ਲਾਅ ਦੇ ਵੱਡੇ ਵਸੀਲੇ ਪ੍ਰਦਾਨ ਕਰਦਾ ਹੈ ਜਿਨ੍ਹਾਂ ਵਿਚ ਸਵੈ-ਮਦਦ ਲਈ ਗਾਈਡਾਂ, ਕਿਤਾਬਚੇ ਅਤੇ ਬਰੋਸ਼ਰ, ਅਦਾਲਤਾਂ ਦੇ ਫਾਰਮ, ਪ੍ਰੀਭਾਸ਼ਾਵਾਂ, ਤੱਥ ਸ਼ੀਟਾਂ, ਫਾਇਦੇਮੰਦ ਵਸੀਲਿਆਂ ਨਾਲ ਲਿੰਕ ਅਤੇ ਹੋਰ ਬਹੁਤ ਕੁਝ ਸ਼ਾਮਲ ਹਨ। ਫੈਮਿਲੀ ਲਾਅ ਨਾਲ ਸੰਬੰਧਿਤ ਜਾਣਕਾਰੀ ਦੀਆਂ ਆਪਣੀਆਂ ਸਾਰੀਆਂ ਲੋੜਾਂ ਲਈ www.familylaw.lss.bc.ca ਦੇਖੋ।

ਇਸ ਸਾਈਟ ’ਤੇ ਤੁਸੀਂ ਫੈਮਿਲੀ ਲਾਅ ਬਾਰੇ ਪੜ੍ਹ ਸਕਦੇ ਹੋ; ਇਹ ਪਤਾ ਲਾ ਸਕਦੇ ਹੋ ਕਿ ਆਪ ਜਾ ਕੇ ਮਦਦ ਕਿੱਥੋਂ ਲੈਣੀ ਹੈ; ਤਲਾਕ ਲੈਣ ਲਈ ਔਨਲਾਈਨ ਕਦਮ ਦਰ ਕਦਮ ਗਾਈਡ ਦੀ ਵਰਤੋਂ ਕਰ ਸਕਦੇ ਹੋ, ਕੋਰਟ ਆਰਡਰ ਲੈ ਸਕਦੇ ਹੋ ਜਾਂ ਬਦਲ ਸਕਦੇ ਹੋ, ਜਾਂ ਸੈਪਾਰੇਸ਼ਨ ਐਗਰੀਮੈਂਟ (ਅਲਹਿਦਗੀ ਦਾ ਇਕਰਾਰਨਾਮਾ) ਕਰ ਸਕਦੇ ਹੋ; ਫੈਮਿਲੀ ਲਾਅ ਦੇ ਤਾਜ਼ਾ ਕਾਨੂੰਨ ਅਤੇ ਅਦਾਲਤ ਦੇ ਨਿਯਮਾਂ ਨਾਲ ਲਿੰਕ ਲੱਭ ਸਕਦੇ ਹੋ; ਜਾਂ ਕਾਨੂੰਨ ਦੇ ਕਿਸੇ ਵਿਦਿਆਰਥੀ ਨਾਲ ਸਿੱਧੀ ਗੱਲਬਾਤ ਕਰਨ ਲਈ ਲਾਈਵ ਹੈਲਪ ਨਾਂ ਦਾ ਫੀਚਰ ਵਰਤ ਸਕਦੇ ਹੋ ਜੋ ਕਿ ਉਹ ਚੀਜ਼ ਲੱਭਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਜਿਹੜੀ ਤੁਸੀਂ ਲੱਭ ਰਹੇ ਹੁੰਦੇ ਹੋ।

ਤੁਸੀਂ ਫੈਮਿਲੀ ਲਾਅ ਸੁਪਰੀਮ ਕੋਰਟ ਡਾਇਵੋਰਸ ਫਾਰਮਾਂ ਨਾਲ ਲਿੰਕ ਵੀ ਲੱਭ ਸਕਦੇ ਹੋ ਅਤੇ ਇਹ ਫਾਰਮ, ਵਰਡ ਜਾਂ ਪੀ ਡੀ ਐੱਫ ਵਿਚ ਔਨਲਾਈਨ ਭਰ ਸਕਦੇ ਹੋ। ਵਰਡ ਫਾਰਮ ਸੌਖੀਆਂ ਹਿਦਾਇਤਾਂ ਨਾਲ ਦਿੱਤੇ ਗਏ ਹਨ। www.familylaw.lss.bc.ca/resources/court_forms.php ਦੇਖੋ।



ਸੈਪਾਰੇਸ਼ਨ **ਐਗਰੀਮੈਂਟ** ਇਕ ਲਿਖਤੀ ਇਕਰਾਰਨਾਮਾ ਹੈ, ਜਿਹੜਾ ਤੁਸੀਂ ਅਤੇ ਤੁਹਾਡਾ ਸਪਾਉਸ (ਸਾਥੀ) ਆਪਣੇ ਰਿਸ਼ਤੇ ਦੇ ਖਤਮ ਹੋ ਜਾਣ ਤੋਂ ਬਾਅਦ ਕਰਦੇ ਹੋ। ਇਹ ਐਗਰੀਮੈਂਟ ਕਿਸੇ ਵੀ ਉਸ ਮਾਮਲੇ ਬਾਰੇ ਗੱਲ ਕਰ ਸਕਦਾ ਹੈ ਜਿਹੜਾ ਤੁਸੀਂ ਚਾਹੁੰਦੇ ਹੋਵੋ, ਜਿਸ ਵਿਚ ਜਾਇਦਾਦ ਅਤੇ ਕਰਜ਼ੇ ਦੀ ਵੰਡ, ਬੱਚਿਆਂ ਦੀ ਸੰਭਾਲ, ਚਾਇਲਡ ਸੁਪੋਰਟ, ਅਤੇ ਸੁਪਾਉਜ਼ਲ ਸੁਪੋਰਟ (ਸਾਥੀ ਦੀ ਸਹਾਇਤਾ) ਸ਼ਾਮਲ ਹਨ। ਤੁਸੀਂ ਇਹ ਐਗਰੀਮੈਂਟ ਅਦਾਲਤ ਕੋਲ ਦਰਜ ਕਰਵਾ ਸਕਦੇ ਹੋ ਅਤੇ ਅਦਾਲਤ ਇਸ ਨੂੰ ਕੋਰਟ ਆਰਡਰ ਵਾਂਗ ਲਾਗੂ ਕਰ ਸਕਦੀ ਹੈ। ਸੈਪਾਰੇਸ਼ਨ ਐਗਰੀਮੈਂਟ ਲਿਖਣ ਲਈ ਤੁਹਾਨੂੰ ਕਿਸੇ ਸਰਕਾਰੀ ਫਾਰਮ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ।

Legal information may not be up to date

## *ਇਹ ਕਿਤਾਬਚਾ ਕਿਸ ਲਈ ਹੈ*

### Who this booklet is for

*ਜਾਇਦਾਦ ਦੀ ਵੰਡ ਦੇ ਮੰਤਵਾਂ ਲਈ, **ਸਪਾਉਸ** ਕੋਈ ਵੀ ਉਹ ਵਿਅਕਤੀ ਹੈ ਜਿਹੜਾ ਦੂਜੇ ਨਾਲ ਵਿਆਹਿਆ ਹੋਇਆ ਹੈ, ਜਾਂ ਜਿਹੜਾ ਦੂਜੇ ਵਿਅਕਤੀ ਨਾਲ ਘੱਟੋ ਘੱਟ ਦੋ ਸਾਲਾਂ ਲਈ ਵਿਆਹ ਵਰਗੇ ਸੰਬੰਧਾਂ ਵਿਚ ਰਿਹਾ ਹੈ (ਜਿਸ ਨੂੰ ਅਕਸਰ "ਕੌਮਨ-ਲਾਅ ਰੀਲੇਸ਼ਨਸ਼ਿਪ" ਆਖਿਆ ਜਾਂਦਾ ਹੈ, ਭਾਵੇਂ ਕਿ ਤੁਹਾਨੂੰ ਇਹ ਸ਼ਬਦ ਡਾਇਵੋਰਸ ਐਕਟ ਜਾਂ ਫੈਮਿਲੀ ਲਾਅ ਐਕਟ ਵਿਚ ਨਹੀਂ ਮਿਲੇਗਾ)। ਸਪਾਉਸ ਵਿਚ ਸਾਬਕਾ ਸਪਾਉਸ ਵੀ ਸ਼ਾਮਲ ਹੈ (ਵਿਆਹੁਤਾ ਸਪਾਉਸ ਜਿਸ ਨੇ ਤਲਾਕ ਲੈ ਲਿਆ ਹੈ ਅਤੇ ਅਣਵਿਆਹਿਆ ਸਪਾਉਸ ਜਿਹੜਾ ਅਲੱਗ ਹੋ ਗਿਆ ਹੈ)।*

ਇਹ ਕਿਤਾਚਚਾ ਤੁਹਾਡੇ ਲਈ ਹੋ ਸਕਦਾ ਹੈ ਜੇ ਤੁਸੀਂ ਆਪਣੇ ਸਪਾਉਸ (ਸਾਥੀ) ਤੋਂ ਅਲੱਗ ਹੋਏ ਹੋ, ਤੁਸੀਂ ਅਤੇ ਤੁਹਾਡੇ ਸਪਾਉਸ ਨੇ ਤੁਹਾਡੀ ਜਾਇਦਾਦ ਅਤੇ/ਜਾਂ ਕਰਜ਼ੇ ਵੰਡਣ ਲਈ ਐਗਰੀਮੈਂਟ 'ਤੇ ਦਸਖਤ ਕੀਤੇ ਹਨ, ਅਤੇ ਤੁਸੀਂ ਚਾਹੁੰਦੇ ਹੋ ਕਿ ਅਦਾਲਤ ਤੁਹਾਡਾ ਐਗਰੀਮੈਂਟ **ਰੱਦ** (ਕੈਂਸਲ) ਕਰ ਦੇਵੇ ਜਾਂ ਬਦਲ ਦੇਵੇ ਕਿਉਂਕਿ:

- ਤੁਸੀਂ ਇਹ ਯਕੀਨ ਕਰਦੇ ਹੋ ਕਿ ਤੁਹਾਡੇ ਵਲੋਂ ਐਗਰੀਮੈਂਟ ਕਰਨ ਵੇਲੇ ਤੁਹਾਡੇ ਸਪਾਉਸ ਨੇ ਸਾਰੀ ਜਾਇਦਾਦ (ਕਿਸੇ ਵਿਅਕਤੀ ਦੀ ਮਾਲਕੀ ਵਾਲੀ ਕਿਸੇ ਵੀ ਚੀਜ਼ ਦੀ ਕੀਮਤ) ਬਾਰੇ ਜਾਣਕਾਰੀ ਨਹੀਂ **ਦੱਸੀ** (ਸਾਂਝੀ ਨਹੀਂ ਕੀਤੀ), ਜਾਂ ਤੁਹਾਡੇ ਸਪਾਉਸ ਨੇ ਦੱਸੀ ਗਈ ਜਾਇਦਾਦ ਦੀ ਕੀਮਤ ਬਹੁਤ ਘੱਟ ਤਹਿ ਕੀਤੀ ਹੈ; ਅਤੇ
- ਤੁਹਾਡੇ ਵਲੋਂ ਐਗਰੀਮੈਂਟ ਕਰਨ ਵੇਲੇ ਤੁਹਾਡੇ ਅਤੇ ਤੁਹਾਡੇ ਸਪਾਉਸ (ਸਾਥੀ) ਵਿਚਕਾਰ **ਤਾਕਤ** ਦਾ ਵੱਡਾ **ਅਸੰਤੁਲਨ** ਸੀ (ਜਦੋਂ ਇਕ ਵਿਅਕਤੀ ਕੋਲ ਦੂਜੇ ਵਿਅਕਤੀ ਨਾਲੋਂ ਜ਼ਿਆਦਾ ਅਸਰ ਜਾਂ ਕੰਟਰੋਲ ਹੁੰਦਾ ਹੈ), ਅਤੇ ਤੁਹਾਡੇ ਸਪਾਉਸ ਨੇ ਇਸ ਦਾ ਨਜਾਇਜ਼ ਫਾਇਦਾ ਲਿਆ। ਜੇ ਗੱਲਬਾਤ ਦੌਰਾਨ ਕੋਈ ਵਕੀਲ ਤੁਹਾਡੀ ਨੁਮਾਇੰਦਗੀ ਕਰਦਾ ਹੋਵੇ ਤਾਂ ਅਜਿਹਾ ਹੋ ਸਕਦਾ ਹੈ। ਤਾਕਤ ਦੇ ਅਸੰਤੁਲਨ ਦੀਆਂ ਉਦਾਹਰਣਾਂ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਤੁਹਾਡੇ ਸਪਾਉਸ ਨੂੰ ਤੁਹਾਡੇ ਪਰਿਵਾਰ ਦੇ ਪੈਸੇ ਧੇਲੇ ਬਾਰੇ ਕਿਤੇ ਜ਼ਿਆਦਾ ਪਤਾ ਸੀ ਜਾਂ ਉਸ ਦਾ ਇਸ ਉੱਪਰ ਕੰਟਰੋਲ ਸੀ, ਉਸ ਨੇ ਤੁਹਾਡੀਆਂ ਕਮਜ਼ੋਰੀਆਂ ਦਾ ਫਾਇਦਾ ਲਿਆ (ਉਦਾਹਰਣ ਲਈ, ਮਾਨਸਿਕ ਸਿਹਤ ਦਾ ਕੋਈ ਮਸਲਾ ਜਾਂ ਬੋਲੀ ਦੀ ਸਮੱਸਿਆ), ਜਾਂ ਜੇ ਰਿਸ਼ਤੇ ਵਿਚ ਬੁਰਾ ਵਰਤਾਉ ਹੁੰਦਾ ਸੀ।

ਇਹ ਕਿਤਾਬਚਾ ਤਾਂ ਵੀ ਫਾਇਦੇਮੰਦ ਹੋਵੇਗਾ ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋਵੋ:

- ਪਰਿਵਾਰਕ ਜਾਇਦਾਦ ਜਾਂ ਕਰਜ਼ਾ ਵੰਡਣ ਬਾਰੇ ਕਾਨੂੰਨ
- ਅਦਾਲਤ ਲਈ ਮਾਇਕ ਚਿੱਠਾ (ਫਾਇਨੈਂਸ਼ਲ ਸਟੇਟਮੈਂਟ) ਕਿਵੇਂ ਤਿਆਰ ਕਰਨਾ ਹੈ
- ਤੁਹਾਡੀ ਮਦਦ ਕੌਣ ਕਰ ਸਕਦਾ ਹੈ ਅਤੇ ਕਾਨੂੰਨੀ ਜਾਣਕਾਰੀ ਕਿੱਥੋਂ ਲੈਣੀ ਹੈ

*ਬੀ ਸੀ ਫੈਮਿਲੀ ਲਾਅ ਐਕਟ ਅਧੀਨ, ਅਣਵਿਆਹੇ ਜੋੜਿਆਂ ਦੇ ਜਾਇਦਾਦ ਦੇ ਹੱਕ ਵੀ ਵਿਆਹੇ ਜੋੜਿਆਂ ਵਰਗੇ ਹਨ।*

ਇਹ ਕਿਤਾਬਚਾ ਇਹ ਕਰਨ ਵਿਚ ਤੁਹਾਡੀ ਮਦਦ ਨਹੀਂ ਕਰੇਗਾ:

- ਸੈਪਾਰੇਸ਼ਨ ਐਗਰੀਮੈਂਟ ਲਿਖਣ ਵਿਚ।
- ਤੁਹਾਡਾ ਸੈਪਾਰੇਸ਼ਨ ਐਗਰੀਮੈਂਟ ਸਿਰਫ ਇਸ ਕਰਕੇ ਹੀ ਰੱਦ ਕਰਨ ਜਾਂ ਬਦਲਣ ਵਿਚ ਕਿਉਂਕਿ ਤੁਸੀਂ ਹੁਣ ਇਸ ਚੀਜ਼ ਨਾਲ ਸਹਿਮਤ ਨਹੀਂ ਹੋ ਕਿ ਤੁਹਾਡੀ ਜਾਇਦਾਦ ਜਾਂ ਕਰਜ਼ੇ ਕਿਵੇਂ ਵੰਡੇ ਜਾਣੇ ਚਾਹੀਦੇ ਹਨ।
- ਉਨ੍ਹਾਂ ਐਗਰੀਮੈਂਟਾਂ ਨਾਲ ਨਜਿੱਠਣ ਵਿਚ ਜਿਹੜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਕੀਤੇ ਹਨ ਜੋ ਕਿ ਤੁਹਾਡਾ ਸਪਾਊਸ ਨਹੀਂ ਹੈ।
- ਉਸ ਆਮਦਨ ਤੱਕ ਪਹੁੰਚ ਕਰਨ ਵਿਚ ਜਿਹੜੀ ਤੁਹਾਡੇ ਸਪਾਊਸ ਨੇ ਕਿਸੇ ਜੁਰਮ ਰਾਹੀਂ ਹਾਸਲ ਕੀਤੀ ਹੈ।
- ਉਸ ਜਾਇਦਾਦ ਤੱਕ ਪਹੁੰਚ ਕਰਨ ਵਿਚ ਜਿਹੜੀ ਤੁਹਾਡੇ ਸਪਾਊਸ ਦੀ ਆਪਣੇ ਮਾਪੇ ਨਾਲ ਸਾਂਝੀ ਹੈ, ਖਾਸ ਕਰਕੇ ਜੇ ਇਹ ਜਾਇਦਾਦ ਮਾਪੇ ਦੇ ਨਾਂ 'ਤੇ ਹੈ ਜਾਂ ਕੈਨੇਡਾ ਤੋਂ ਬਾਹਰ ਹੈ।
- ਚਾਇਲਡ ਸੁਪੋਰਟ ਦੀਆਂ ਪੇਮੈਂਟਾਂ ਵਧਾਉਣ ਜਾਂ ਘਟਾਉਣ ਲਈ ਅਪਲਾਈ ਕਰਨ ਵਿਚ, ਜਾਂ ਪਾਲਣ ਪੋਸਣ ਦਾ ਐਗਰੀਮੈਂਟ ਬਦਲਣ ਵਿਚ।

ਅਦਾਲਤ ਨੂੰ ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰਨ ਲਈ ਕਹਿਣਾ ਕਾਨੂੰਨੀ ਅਤੇ ਜਜ਼ਬਾਤੀ ਤੌਰ 'ਤੇ ਔਖਾ ਹੋ ਸਕਦਾ ਹੈ। ਤੁਹਾਨੂੰ ਆਪਣੇ ਸਪਾਊਸ ਜਾਂ ਉਸ ਦੇ ਵਕੀਲ ਤੋਂ ਪ੍ਰੇਸ਼ਾਨ ਕਰਨ ਵਾਲੇ ਸਵਾਲਾਂ ਅਤੇ ਬਿਆਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਦਾਹਰਣ ਲਈ, ਉਹ ਅਦਾਲਤ ਨੂੰ ਉਸ ਬੁਰੇ ਵਰਤਾਉ ਬਾਰੇ ਦੱਸ ਸਕਦੇ ਹਨ ਜਿਹੜਾ ਤੁਹਾਡੇ ਨਾਲ ਰਿਸ਼ਤੇ ਵਿਚ ਹੋਇਆ, ਜਾਂ ਤੁਹਾਡੇ ਬੱਚੇ ਪਾਲਣ ਦੇ ਹੁਨਰਾਂ 'ਤੇ ਸਵਾਲ ਖੜ੍ਹੇ ਕਰ ਸਕਦੇ ਹਨ। ਕੋਈ ਐਡਵੋਕੇਟ (ਕੋਈ ਅਜਿਹਾ ਵਿਅਕਤੀ ਜਿਹੜਾ ਤੁਹਾਡੀ ਕਾਨੂੰਨੀ ਮਦਦ ਅਤੇ ਹਿਮਾਇਤ ਕਰ ਸਕਦਾ ਹੈ ਪਰ ਜਿਹੜਾ ਵਕੀਲ ਨਹੀਂ ਹੁੰਦਾ ਅਤੇ ਅਦਾਲਤ ਵਿਚ ਤੁਹਾਡੀ ਨੁਮਾਇੰਦਗੀ ਨਹੀਂ ਕਰ ਸਕਦਾ) ਜਾਂ ਕੋਈ ਹੋਰ ਕਮਿਊਨਟੀ ਸੁਪੋਰਟ ਵਰਕਰ ਕਾਨੂੰਨੀ ਕਾਰਵਾਈ ਤੋਂ ਪਹਿਲਾਂ ਅਤੇ ਦੌਰਾਨ ਤੁਹਾਡੀ ਮਦਦ ਕਰ ਸਕਦਾ ਹੈ। ਇਹ ਜਾਣਕਾਰੀ ਲੈਣ ਲਈ ਕਿ ਕੋਈ ਐਡਵੋਕੇਟ ਕਿਵੇਂ ਲੱਭਣਾ ਹੈ, ਸਫਾ 15 ਦੇਖੋ।

Legal information may not be up to date

# ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰਨਾ

## Setting aside a separation agreement

*ਇਹ ਸਾਬਤ ਕਰਨਾ ਔਖਾ ਹੋ ਸਕਦਾ ਹੈ ਕਿ ਤੁਹਾਡੇ ਸਪਾਉਸ ਨੇ ਜਾਇਦਾਦ ਦੀ ਕੀਮਤ ਛੁਪਾਈ ਹੈ ਜਾਂ ਇਸ ਬਾਰੇ ਝੂਠ ਬੋਲਿਆ ਹੈ, ਖਾਸ ਕਰਕੇ ਜੇ ਇਹ ਜਾਇਦਾਦ ਬੀ ਸੀ ਤੋਂ ਬਾਹਰ ਹੋਵੇ, ਜਾਂ ਕਿਸੇ ਜੁਰਮ ਦਾ ਨਤੀਜਾ ਹੋਵੇ। ਅਦਾਲਤ ਵਿਚ ਸਬੂਤ ਵਜੋਂ ਵਰਤਣ ਲਈ ਤੁਹਾਨੂੰ ਮਾਇਕ (ਫਾਇਨੈਂਸ਼ਲ) ਸਟੇਟਮੈਂਟਾਂ, ਗਵਾਹਾਂ, ਅਤੇ ਹੋਰ ਜਾਣਕਾਰੀ ਦੀ ਲੋੜ ਹੋ ਸਕਦੀ ਹੈ। ਇਹ ਜਾਣਕਾਰੀ ਲੈਣ ਲਈ ਕਿ ਤੁਸੀਂ ਕਾਨੂੰਨੀ ਮਦਦ ਕਿੱਥੋਂ ਲੈ ਸਕਦੇ ਹੋ,* *ਸਫਾ 14 ਦੇਖੋ।*

ਸਾਲ 2009 ਵਿਚ, ਕੈਨੇਡਾ ਦੀ ਸੁਪਰੀਮ ਕੋਰਟ ਨੇ ਰਿਕ ਬਨਾਮ ਬਰੈਂਡਸੇਮਾ, 2009 ਐੱਸ ਸੀ ਸੀ 10 ਨਾਂ ਦੇ ਕੇਸ ਦਾ ਫੈਸਲਾ ਕੀਤਾ। ਮਿਜ਼ ਰਿਕ ਅਤੇ ਮਿਸਟਰ ਬਰੈਂਡਸੇਮਾ ਨੇ 29 ਸਾਲ ਦੇ ਵਿਆਹ ਤੋਂ ਬਾਅਦ ਸੈਪਾਰੇਸ਼ਨ ਐਗਰੀਮੈਂਟ ਕੀਤਾ। ਮਿਜ਼ ਰਿਕ ਦੇ ਉਸ ਵੇਲੇ ਮਾਨਸਿਕ ਸਿਹਤ ਦੇ ਮਸਲੇ ਸਨ। ਉਸ ਨੇ ਆਪਣੀ ਪਛਾਣ ਪਰਿਵਾਰਕ ਹਿੰਸਾ ਤੋਂ ਬਚਣ ਵਾਲੀ ਵਜੋਂ ਵੀ ਕੀਤੀ।

ਕੁਝ ਸਾਲਾਂ ਬਾਅਦ, ਮਿਜ਼ ਰਿਕ ਨੂੰ ਇਹ ਪਤਾ ਲੱਗਾ ਕਿ ਮਿਸਟਰ ਬਰੈਂਡਸੇਮਾ ਨੇ ਐਗਰੀਮੈਂਟ ਲਈ ਗੱਲਬਾਤ ਦੌਰਾਨ ਜ਼ਰੂਰੀ ਮਾਇਕ ਜਾਣਕਾਰੀ ਜ਼ਾਹਰ ਨਹੀਂ ਕੀਤੀ। ਉਸ ਨੇ ਅਦਾਲਤ ਨੂੰ ਆਪਣੇ ਦਸਖਤਾਂ ਵਾਲਾ ਸੈਪਾਰੇਸ਼ਨ ਐਗਰੀਮੈਂਟ ਰੱਦ ਕਰਨ ਲਈ ਕਿਹਾ ਕਿਉਂਕਿ ਉਸ ਦੇ ਖਿਆਲ ਮੁਤਾਬਕ ਇਹ ਨਾਵਾਜਬ ਸੀ।

ਕੈਨੇਡਾ ਦੀ ਸੁਪਰੀਮ ਕੋਰਟ (ਐੱਸ ਸੀ ਸੀ) ਵਿਚ, ਜੱਜ ਇਸ ਗੱਲ ਨਾਲ ਸਹਿਮਤ ਹੋ ਗਏ ਕਿ ਐਗਰੀਮੈਂਟ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਭਾਵੇਂ ਜੱਜ ਉਨ੍ਹਾਂ ਐਗਰੀਮੈਂਟਾਂ ਵਿਚ ਦਖਲਅੰਦਾਜ਼ੀ ਨਹੀਂ ਕਰਦੇ ਜਿਹੜੇ ਦੋਨਾਂ **ਧਿਰਾਂ** ਨੇ (ਕੋਰਟ ਕੇਸ, ਇਕਰਾਰਨਾਮੇ, ਜਾਂ ਕਿਸੇ ਹੋਰ ਕਾਨੂੰਨੀ ਮਾਮਲੇ ਵਿਚ ਹਿੱਸਾ ਲੈਣ ਵਾਲਿਆਂ ਨੇ) ਆਪਣੀ ਮਰਜ਼ੀ ਨਾਲ ਕੀਤੇ **ਹੋਏ ਹੋਏ** ਹੁੰਦੇ ਹਨ, ਪਰ ਕੁਝ ਹਾਲਤਾਂ ਵਿਚ ਇਨਸਾਫ ਨੂੰ ਕਾਇਮ ਰੱਖਣ ਲਈ ਜੱਜ **ਦਖਲ** ਦੇਣਗੇ।

ਐੱਸ ਸੀ ਸੀ ਨੇ ਤਿੰਨ ਮਹੱਤਵਪੂਰਨ ਨੁਕਤੇ ਤਹਿ ਕੀਤੇ ਹੋਏ ਹਨ ਜਿਹੜੇ ਕਿਸੇ ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰਨ ਲਈ ਕਹੇ ਜਾਣ 'ਤੇ ਜੱਜਾਂ ਨੂੰ ਗਾਈਡ ਕਰ ਸਕਦੇ ਹਨ:

1. ਕੀ ਜਾਣਕਾਰੀ ਦੇਣ ਵਿਚ ਨਾਕਾਮਯਾਬੀ ਹੋਈ ਹੈ? ਕੀ ਤੁਹਾਡੇ ਸਪਾਉਸ ਨੇ ਗੱਲਬਾਤ ਦੌਰਾਨ ਕੋਈ ਗੱਲ ਛੁਪਾਈ ਹੈ, ਕਿਸੇ ਚੀਜ਼ ਬਾਰੇ ਝੂਠ ਬੋਲਿਆ ਹੈ, ਘੱਟ ਕੀਮਤ ਪਾਈ ਹੈ ਜਾਂ ਜਾਇਦਾਦ ਤਬਦੀਲ ਕੀਤੀ ਹੈ?
2. ਕੀ ਤੁਹਾਡੇ ਸਪਾਉਸ ਨੇ ਤੁਹਾਡੀ ਮਾਨਸਿਕ ਸਿਹਤ ਜਾਂ ਕਿਸੇ ਹੋਰ ਕਮਜ਼ੋਰੀ ਦਾ ਫਾਇਦਾ ਲਿਆ ਹੈ, ਜਾਂ ਕੀ ਤੁਹਾਡੇ ਸਪਾਉਸ ਦੀ ਪਰਿਵਾਰ ਦੀ ਸਾਰੀ ਮਾਇਕ ਜਾਣਕਾਰੀ ਤੱਕ ਪਹੁੰਚ ਸੀ, ਜਦ ਕਿ ਤੁਹਾਡੀ ਬਹੁਤ ਘੱਟ ਪਹੁੰਚ ਸੀ ਜਾਂ ਬਿਲਕੁਲ ਪਹੁੰਚ ਨਹੀਂ ਸੀ?
3. ਕੀ ਐਗਰੀਮੈਂਟ ਨੇ ਬੀ ਸੀ ਫੈਮਿਲੀ ਲਾਅ ਦੇ ਟੀਚੇ ਪੂਰੇ ਕੀਤੇ ਹਨ? ਕੀ ਐਗਰੀਮੈਂਟ ਤੁਹਾਡੇ ਅਤੇ ਤੁਹਾਡੇ ਸਪਾਉਸ ਦੋਨਾਂ ਲਈ ਵਾਜਬ ਅਤੇ ਬਰਾਬਰ ਹੈ ਅਤੇ ਕੀ ਇਹ ਐਗਰੀਮੈਂਟ ਇਹ ਪੱਕਾ ਕਰਦਾ ਹੈ ਕਿ ਤੁਸੀਂ ਦੋਨੋਂ ਮਾਇਕ ਤੌਰ 'ਤੇ ਆਪਣਾ ਗੁਜ਼ਾਰਾ ਕਰ ਸਕਦੇ ਹੋ?

ਕੋਈ ਜੱਜ ਤਾਂ ਵੀ ਤੁਹਾਡੇ ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰ ਸਕਦਾ ਹੈ ਜੇ ਤੁਸੀਂ ਇਹ ਦਿਖਾ ਸਕੋ ਕਿ ਤੁਸੀਂ ਇਹ ਨਹੀਂ ਸਮਝਿਆ ਕਿ ਐਗਰੀਮੈਂਟ ਤੁਹਾਡੇ 'ਤੇ ਕਿਸ ਤਰ੍ਹਾਂ ਅਸਰ ਪਾਵੇਗਾ, ਜਾਂ ਜੇ ਇਹ ਦਿਖਾ ਸਕੋ ਕਿ ਐਗਰੀਮੈਂਟ "ਬਹੁਤ ਜ਼ਿਆਦਾ ਨਾਵਾਜਬ" ਹੈ (ਬੀ ਸੀ ਫੈਮਿਲੀ ਲਾਅ ਐਕਟ ਦਾ ਐੱਸ ਐੱਸ 93(3) ਅਤੇ 93(5) ਦੇਖੋ)।



Legal information may not be up to date



ਆਪਣੀਆਂ ਕਾਨੂੰਨੀ ਸਮੱਸਿਆਵਾਂ ਦਾ ਹੱਲ ਕਰਨ ਲਈ ਤੁਹਾਡੇ ਅਤੇ ਤੁਹਾਡੇ ਸਪਾਊਸ ਲਈ ਇਕ ਦੂਜੇ ਨੂੰ "ਪੂਰੀ ਅਤੇ ਸਹੀ" ਜਾਣਕਾਰੀ ਦੇਣਾ ਜ਼ਰੂਰੀ ਹੈ। ਵਾਜਬ ਅਤੇ ਕਾਇਮ ਰਹਿਣ ਵਾਲੇ ਐਗਰੀਮੈਂਟ ਪੂਰੀ ਅਤੇ ਈਮਾਨਦਾਰ ਜਾਣਕਾਰੀ ਦੇਣ (ਜਾਣਕਾਰੀ ਸਾਂਝੀ ਕਰਨ) 'ਤੇ ਨਿਰਭਰ ਕਰਦੇ ਹਨ।

Legal information may not be up to date

## ਜਾਇਦਾਦ ਅਤੇ ਕਰਜ਼ੇ ਨੂੰ ਈਮਾਨਦਾਰੀ ਨਾਲ ਵੰਡਣਾ

Dividing property and debt fairly

ਅਲੱਗ ਹੋਣ ਵਾਲੇ ਸੁਪਾਉਸਿਜ਼ ਪਰਿਵਾਰ ਦੀ ਜਾਇਦਾਦ ਅਤੇ ਕਰਜ਼ੇ ਨੂੰ ਕਈ ਤਰੀਕਿਆਂ ਨਾਲ ਵੰਡਣ ਲਈ ਸਹਿਮਤ ਹੋ ਸਕਦੇ ਹਨ। ਕਾਨੂੰਨ ਬਾਰੇ ਥੋੜ੍ਹਾ ਬਹੁਤ ਜਾਣਨਾ ਇਹ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਕੀ ਤੁਹਾਡਾ ਸੈਪਾਰੇਸ਼ਨ ਐਗਰੀਮੈਂਟ ਵਾਜਬ ਹੈ ਜਾਂ ਨਹੀਂ, ਅਤੇ ਕੀ ਤੁਸੀਂ ਇਸ ਨੂੰ ਰੱਦ ਕਰਨ ਲਈ ਜੱਜ ਨੂੰ ਕਹਿਣਾ ਚਾਹੁੰਦੇ ਹੋ ਜਾਂ ਨਹੀਂ। ਇਹ ਨਿਯਮ ਵਿਆਹੁਤਾ ਜੋੜਿਆਂ ਅਤੇ ਉਨ੍ਹਾਂ ਕੌਮਨ-ਲਾਅ ਜੋੜਿਆਂ 'ਤੇ ਲਾਗੂ ਹੁੰਦੇ ਹਨ ਜਿਹੜੇ ਘੱਟੋ ਘੱਟ ਦੋ ਸਾਲਾਂ ਲਈ ਇਕੱਠੇ ਰਹੇ ਹਨ।

- ਬੀ ਸੀ ਦੇ ਫੈਮਿਲੀ ਲਾਅ ਐਕਟ ਅਧੀਨ, ਅਲੱਗ ਹੋਣ ਵਾਲੇ ਜੋੜੇ **ਪਰਿਵਾਰ ਦੀ ਜਾਇਦਾਦ** ਵਿੱਚੋਂ 50 ਫੀ ਸਦੀ ਲਈ ਹੱਕਦਾਰ ਹਨ ਜਿਹੜੀ ਰਿਸ਼ਤੇ ਦੌਰਾਨ ਇਕ ਜਾਂ ਦੋਨਾਂ ਸੁਪਾਉਸਿਜ਼ ਨੇ ਇਕੱਤਰ ਕੀਤੀ ਸੀ। ਪਰਿਵਾਰ ਦੀ ਜਾਇਦਾਦ ਵਿਚ ਘਰਾਂ, ਬੈਂਕ ਅਕਾਊਂਟਾਂ, ਆਰ ਆਰ ਐੱਸ ਪੀਜ਼, ਪੈਨਸ਼ਨਾਂ, ਅਤੇ ਬਿਜ਼ਨਸਾਂ ਵਿਚ ਹਿੱਸਿਆਂ ਵਰਗੀਆਂ ਚੀਜ਼ਾਂ ਸ਼ਾਮਲ ਹਨ। ਇਸ ਚੀਜ਼ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਜਾਇਦਾਦ ਲਈ ਪੈਸੇ ਕਿਸ ਨੇ ਦਿੱਤੇ ਸਨ ਜਾਂ ਜਾਇਦਾਦ ਕਿਸ ਦੇ ਨਾਂ ਹੈ।
- ਰਿਸ਼ਤੇ ਤੋਂ ਪਹਿਲਾਂ ਇਕ ਸਪਾਊਸ ਜਿਸ ਜਾਇਦਾਦ ਦਾ ਮਾਲਕ ਸੀ, ਜਿਸ ਨੂੰ **ਐਕਸਕਲੂਡਿਡ ਪ੍ਰਾਪਰਟੀ** ਆਖਿਆ ਜਾਂਦਾ ਹੈ, ਜੋੜਿਆਂ ਦੇ ਅਲੱਗ ਹੋਣ ਵੇਲੇ ਵੰਡੀ ਜਾਣੀ ਜ਼ਰੂਰੀ ਨਹੀਂ ਹੈ। ਅਤੇ ਨਾ ਹੀ ਤੋਹਫੇ, ਵਿਰਾਸਤ, ਅਤੇ ਕੁਝ ਇਨਸ਼ੋਰੈਂਸ ਜਾਂ ਨੁਕਸਾਨਾਂ ਲਈ ਮਿਲੀਆਂ ਅਦਾਇਗੀਆਂ ਵੰਡੇ ਜਾਣ ਦੀ ਲੋੜ ਹੈ।
- ਜੋੜੇ ਰਿਸ਼ਤੇ ਦੌਰਾਨ ਲਏ ਗਏ ਕਰਜ਼ਿਆਂ ਨੂੰ ਬਰਾਬਰ ਵੰਡਣ ਲਈ ਵੀ ਜ਼ਿੰਮੇਵਾਰ ਹਨ। ਇਸ ਚੀਜ਼ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਰਜ਼ਾ ਕਿਸ ਨੇ ਚੁੱਕਿਆ ਸੀ ਜਾਂ ਇਹ ਕਿਸ ਦੇ ਨਾਂ 'ਤੇ ਹੈ। ਪਰ, ਲੈਣਦਾਰ (ਕਰੈਡਿਟਰ) ਸਿਰਫ ਉਸ ਸਪਾਊਸ ਤੋਂ ਹੀ ਪੇਮੈਂਟ ਦੀ ਮੰਗ ਕਰ ਸਕਦੇ ਹਨ ਜਿਸ ਦੇ ਸਿਰ 'ਤੇ ਕਰਜ਼ਾ ਹੈ।

ਇਹ ਕਾਨੂੰਨੀ ਨਿਯਮ ਤਾਂ ਸਿਰਫ ਇਕ ਸ਼ੁਰੂਆਤੀ ਪੋਆਇੰਟ ਹਨ। ਕੋਈ ਜੱਜ ਸਿਰਫ ਇਸ ਕਰਕੇ ਹੀ ਤੁਹਾਡਾ ਸੈਪਾਰੇਸ਼ਨ ਐਗਰੀਮੈਂਟ ਰੱਦ ਨਹੀਂ ਕਰੇਗਾ ਕਿਉਂਕਿ ਇਸ ਨੇ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ। ਜੱਜ ਇਹ ਫੈਸਲਾ ਕਰ ਸਕਦਾ ਹੈ ਕਿ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ "ਬਹੁਤ ਜ਼ਿਆਦਾ ਨਾਵਾਜਬ" ਹੋਵੇਗਾ ਅਤੇ ਉਹ ਪਰਿਵਾਰ ਦੀ ਜਾਇਦਾਦ ਜਾਂ ਕਰਜ਼ੇ ਨੂੰ ਵੰਡਣ ਦੇ ਕਿਸੇ ਹੋਰ ਤਰੀਕੇ ਦਾ ਆਰਡਰ ਕਰ ਸਕਦਾ ਹੈ। ਉਦਾਹਰਣ ਲਈ, ਉਸ ਕਰਜ਼ੇ ਨੂੰ ਬਰਾਬਰ ਵੰਡਣਾ ਬਹੁਤ ਜ਼ਿਆਦਾ ਨਾਵਾਜਬ ਹੋ ਸਕਦਾ ਹੈ ਜਿਹੜਾ ਤੁਹਾਡੇ ਸਪਾਊਸ ਨੇ ਆਪਣੇ ਲਈ ਚੀਜ਼ਾਂ ਦੇ ਪੈਸੇ ਦੇਣ ਲਈ ਲਿਆ ਸੀ।

# ਵਾਜਬ ਐਗਰੀਮੈਂਟ ਕਰਨਾ

## Making a fair agreement

ਆਪਣਾ ਸੈਪਾਰੇਸ਼ਨ ਐਗਰੀਮੈਂਟ ਰੱਦ ਕਰਵਾਉਣ ਲਈ ਕਹਿਣ ਲਈ ਅਦਾਲਤ ਨੂੰ ਜਾਣ ਦੇ ਸਮੇਂ, ਖਰਚੇ ਅਤੇ ਤਣਾਅ ਤੋਂ ਬਚਣ ਦਾ ਸਭ ਤੋਂ ਬਿਹਤਰ ਤਰੀਕਾ ਉਸ ਵੇਲੇ ਵਾਜਬ ਐਗਰੀਮੈਂਟ ਕਰਨਾ ਹੈ ਜਦੋਂ ਤੁਸੀਂ ਪਹਿਲਾਂ ਇਸ ਬਾਰੇ ਗੱਲਬਾਤ ਕੀਤੀ ਸੀ। ਜੇ ਤੁਹਾਡੇ ਕੋਲ ਪਰਿਵਾਰ ਦੀ ਮਾਇਕ ਜਾਣਕਾਰੀ ਤੱਕ ਪਹੁੰਚ ਨਾ ਹੋਵੇ, ਜਾਂ ਜੇ ਤੁਹਾਡੇ ਰਿਸ਼ਤੇ ਵਿਚ ਬੁਰਾ ਵਰਤਾਉ ਜਾਂ ਤਾਕਤ ਦਾ ਅਸੰਤੁਲਨ ਹੋਵੇ ਤਾਂ ਅਜਿਹਾ ਕਰਨਾ ਔਖਾ ਹੋ ਸਕਦਾ ਹੈ। ਕੋਈ ਵਕੀਲ ਜਾਂ ਐਡਵੋਕੇਟ ਉਹ ਜਾਣਕਾਰੀ ਲੈਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਜਿਸ ਦੀ ਤੁਹਾਨੂੰ ਲੋੜ ਹੈ। ਮਦਦ ਕਰਨ ਵਾਲੇ ਮੁਫਤ ਕਾਨੂੰਨੀ ਵਸੀਲਿਆਂ ਦੀ ਲਿਸਟ ਲਈ ਸਫਾ 14 ਦੇਖੋ।

ਤੁਹਾਨੂੰ ਅਤੇ ਤੁਹਾਡੇ ਸਪਾਉਸ ਦੋਨਾਂ ਨੂੰ ਪਰਿਵਾਰ ਦੇ ਸਾਰੇ ਪੈਸੇ ਧੇਲੇ ਬਾਰੇ ਜਾਣਨ ਦੀ ਲੋੜ ਹੈ। ਕਾਨੂੰਨ ਕਹਿੰਦਾ ਹੈ ਕਿ ਵਾਜਬ ਐਗਰੀਮੈਂਟ ਕਰਨ ਲਈ ਦੋਨਾਂ ਸੁਪਾਉਸਿਜ਼ ਲਈ ਇਕ ਦੂਜੇ ਨੂੰ "ਪੂਰੀ ਅਤੇ ਸੱਚੀ" ਜਾਣਕਾਰੀ ਦੇਣਾ ਜ਼ਰੂਰੀ ਹੈ।

ਸੈਪਾਰੇਸ਼ਨ ਐਗਰੀਮੈਂਟ 'ਤੇ ਦਸਖਤ ਕਰਨ ਲਈ ਪਰੈਸ਼ਰ ਥੱਲੇ ਮਹਿਸੂਸ ਨਾ ਕਰੋ। ਇਸ 'ਤੇ ਦਸਖਤ ਕਰਨ ਤੋਂ ਪਹਿਲਾਂ ਆਪਣੇ ਐਗਰੀਮੈਂਟ ਦਾ ਖਰੜਾ ਕਿਸੇ ਵਕੀਲ ਨੂੰ ਦਿਖਾਉਣਾ ਇਕ ਚੰਗਾ ਖਿਆਲ ਹੈ, ਖਾਸ ਕਰਕੇ ਜੇ ਤੁਸੀਂ ਇਹ ਫਿਕਰ ਕਰਦੇ ਹੋਵੋ ਕਿ ਇਹ ਨਾਵਾਜਬ ਹੋ ਸਕਦਾ ਹੈ।

ਜੇ ਤੁਸੀਂ ਆਪਣੇ ਫੈਮਿਲੀ ਲਾਅ ਦੇ ਮਸਲਿਆਂ ਦੇ ਹੱਲ ਲਈ ਅਦਾਲਤ ਨੂੰ ਜਾਂਦੇ ਹੋ ਤਾਂ ਤੁਹਾਨੂੰ ਅਤੇ ਤੁਹਾਡੇ ਸਪਾਉਸ ਨੂੰ ਢੁਕਵੇਂ ਪੇਪਰ ਅਤੇ ਮਾਇਕ ਜਾਣਕਾਰੀ ਜ਼ਾਹਰ ਕਰਨੇ ਪੈਣਗੇ। ਅਦਾਲਤ ਦੀਆਂ ਕਾਰਵਾਈਆਂ ਵਿਚ **ਐਗਜ਼ੈਮੀਨੇਸ਼ਨਜ਼ ਫਾਰ ਡਿਸਕਵਰੀ** ਸ਼ਾਮਲ ਹੋ ਸਕਦੇ ਹਨ, ਜਦੋਂ ਤੁਹਾਨੂੰ ਅਤੇ ਤੁਹਾਡੇ ਸਪਾਉਸ ਨੂੰ ਸਹੁੰ ਖਾ ਕੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਤੁਸੀਂ ਆਪਣੇ ਸਪਾਉਸ ਦੀਆਂ ਮਾਇਕ ਸਟੇਟਮੈਂਟਾਂ ਬਾਰੇ ਪੁੱਛ ਸਕਦੇ ਹੋ ਅਤੇ ਇਹ ਪਤਾ ਲਾ ਸਕਦੇ ਹੋ ਕਿ ਕੀ ਕੋਈ ਅਣਦੱਸੀ ਜਾਇਦਾਦ ਜਾਂ ਆਮਦਨ ਦੇ ਸ੍ਰੋਤ ਤਾਂ ਨਹੀਂ ਹਨ।



# ਮਾਇਕ ਪੇਪਰ

## Financial documents

ਇਹ ਕੁਝ ਪੇਪਰ ਹਨ ਜਿਹੜੇ ਤੁਹਾਡੇ ਪਰਿਵਾਰ ਦੇ ਪੈਸੇ ਧੇਲੇ ਦੀ ਸਹੀ ਤਸਵੀਰ ਲੈਣ ਵਿਚ ਤੁਹਾਡੀ ਮਦਦ ਕਰਨਗੇ। *ਇਹ ਪੇਪਰ ਲੈਣ ਲਈ ਕਦੇ ਵੀ ਆਪਣੇ ਆਪ ਨੂੰ ਖਤਰੇ ਵਿਚ ਨਾ ਪਾਉ।* ਔਰਤਾਂ ਦੇ ਸੈਂਟਰ ਜਾਂ ਟ੍ਰਾਂਜ਼ੀਸ਼ਨ ਹਾਊਸ, ਇਨ੍ਹਾਂ ਪੇਪਰਾਂ ਨੂੰ ਲੱਭਣ ਅਤੇ ਸਾਂਭਣ ਦੇ ਸੁਰੱਖਿਅਤ ਤਰੀਕੇ ਦੱਸਣ ਵਿਚ ਮਦਦ ਕਰ ਸਕਦੇ ਹਨ।

- ਬੈਂਕ ਦੀਆਂ ਤਾਜ਼ਾ ਸਟੇਟਮੈਂਟਾਂ ਦੀਆਂ ਕਾਪੀਆਂ।
- ਕਰੈਡਿਟ ਕਾਰਡ ਦੀਆਂ ਤਾਜ਼ਾ ਸਟੇਟਮੈਂਟਾਂ ਦੀਆਂ ਕਾਪੀਆਂ।
- ਆਰ ਆਰ ਐੱਸ ਪੀਜ਼, ਆਰ ਈ ਐੱਸ ਪੀਜ਼, ਜਾਂ ਤੁਹਾਡੇ ਜਾਂ ਤੁਹਾਡੇ ਸਪਾਉਸ ਦੀ ਇਨਵੈਸਟਮੈਂਟ ਦੀਆਂ ਸਟੇਟਮੈਂਟਾਂ ਦੀਆਂ ਕਾਪੀਆਂ।

Legal information may not be up to date



- ਪਿਛਲੇ ਤਿੰਨ ਸਾਲਾਂ ਤੋਂ ਟੈਕਸ ਰੀਟਰਨਾਂ ਦੀਆਂ ਕਾਪੀਆਂ। ਕੈਨੇਡਾ ਰੈਵੇਨਿਊ ਏਜੰਸੀ ਨੂੰ ਫੋਨ ਕਰਕੇ ਤੁਸੀਂ ਆਪਣੀਆਂ ਟੈਕਸ ਰੀਟਰਨਾਂ ਦੀਆਂ ਕਾਪੀਆਂ ਮੰਗ ਸਕਦੇ ਹੋ: 1-800-959-8281.

- ਤੁਹਾਡੇ ਘਰ ਦੀ ਕੀਮਤ ਜਾਂ ਕਿਸੇ ਵੀ ਹੋਰ ਜਾਇਦਾਦ ਦੀ ਕੀਮਤ ਦੀਆਂ ਅਸੈੱਸਮੈਂਟਾਂ ਜਿਨ੍ਹਾਂ ਦੇ ਤੁਸੀਂ ਅਤੇ ਤੁਹਾਡਾ ਸਪਾਉਸ ਮਾਲਕ ਹੋ।

- ਜੇ ਤੁਸੀਂ ਅਤੇ/ਜਾਂ ਤੁਹਾਡਾ ਸਪਾਉਸ ਕੰਮ ਕਰਦੇ ਹੋ ਤਾਂ ਆਮਦਨ ਦੀਆਂ ਸਟੇਟਮੈਂਟਾਂ: ਜੇ ਤੁਹਾਡੇ ਸਪਾਉਸ ਦੀ ਆਮਦਨ ਇਕ ਰੁੱਤ ਤੋਂ ਅਗਲੀ ਰੁੱਤੇ ਬਦਲ ਜਾਂਦੀ ਹੈ ਤਾਂ ਸਲਾਨਾ ਆਮਦਨ ਦੀ ਸਹੀ ਤਸਵੀਰ ਲੈਣ ਲਈ ਜ਼ਿਆਦਾ ਅਤੇ ਘੱਟ ਤਨਖਾਹ ਦੇ ਸਮਿਆਂ ਦੀਆਂ ਸਟੇਟਮੈਂਟਾਂ ਦੀ ਕਾਪੀ।

ਜੇ ਤੁਹਾਡਾ ਸਪਾਉਸ ਤੁਹਾਡੇ ਪਰਿਵਾਰ ਦੇ ਪੈਸੇ ਧੇਲੇ ਨੂੰ ਕੰਟਰੋਲ ਕਰਦਾ ਸੀ ਤਾਂ ਹੋ ਸਕਦਾ ਇਨ੍ਹਾਂ ਸਾਰੇ ਪੇਪਰਾਂ ਤੱਕ ਤੁਹਾਡੀ ਪਹੁੰਚ ਨਾ ਹੋਵੇ। ਇਹ ਤੁਹਾਡੀ ਗਲਤੀ ਨਹੀਂ ਹੈ। ਅੱਗੇ ਲਿਖੀਆਂ ਚੀਜ਼ਾਂ ਕਰੋ ਭਾਵੇਂ ਤੁਸੀਂ ਮਾਇਕ (ਫਾਇਨੈਂਸ਼ਲ) ਪੇਪਰ ਨਾ ਵੀ ਲੈ ਸਕੋ:

- ਉਨ੍ਹਾਂ ਚੀਜ਼ਾਂ ਦੀ ਇਕ ਲਿਸਟ ਬਣਾਉ ਜਿਹੜੀਆਂ ਰਿਸ਼ਤੇ ਦੌਰਾਨ ਤੁਹਾਡੇ ਜਾਂ ਤੁਹਾਡੇ ਸਪਾਉਸ ਕੋਲ ਸਨ। ਤੁਸੀਂ ਜਿੰਨੀ ਵੀ ਜ਼ਿਆਦਾ ਜਾਣਕਾਰੀ ਸ਼ਾਮਲ ਕਰ ਸਕੋ, ਓਨਾ ਹੀ ਚੰਗਾ ਹੈ। ਉਦਾਹਰਣ ਲਈ, ਜੇ ਸੰਭਵ ਹੋਵੇ ਤਾਂ ਆਪਣੀਆਂ ਗੱਡੀਆਂ ਦੇ ਸੀਰੀਅਲ ਨੰਬਰ ਲਵੋ।

- ਉਨ੍ਹਾਂ ਬੈਂਕਾਂ, ਇਨਵੈਸਟਮੈਂਟ ਕੰਪਨੀਆਂ, ਜਾਂ ਹੋਰ ਸੰਸਥਾਵਾਂ ਦੇ ਨਾਂ ਲਿਖੋ ਜਿਨ੍ਹਾਂ ਨਾਲ ਤੁਹਾਡਾ ਸਪਾਉਸ ਬਿਜ਼ਨਸ ਕਰਦਾ ਹੋ ਸਕਦਾ ਹੈ। ਜੇ ਤੁਹਾਨੂੰ ਨਾਂਵਾਂ ਦਾ ਪਤਾ ਨਾ ਹੋਵੇ ਤਾਂ ਡਾਕ ਰਾਹੀਂ ਆਉਂਦੀਆਂ ਬਿਜ਼ਨਸ ਚਿੱਠੀਆਂ ਉੱਪਰ ਛਪੇ ਹੋਏ ਲੋਗੋਜ਼ ਬਾਰੇ ਦੱਸੋ।

- ਆਪਣੇ ਸਪਾਉਸ ਦੇ ਕੰਮ-ਮਾਲਕਾਂ ਅਤੇ ਆਮਦਨ ਦੇ ਵਸੀਲਿਆਂ ਦੀ ਲਿਸਟ ਬਣਾਉ।

- ਉਸ ਜਾਇਦਾਦ ਜਾਂ ਆਮਦਨ ਦੇ ਵਸੀਲਿਆਂ ਦੀ ਲਿਸਟ ਬਣਾਉ ਜਿਨ੍ਹਾਂ ਬਾਰੇ ਤੁਹਾਡਾ ਯਕੀਨ ਹੈ ਕਿ ਇਹ ਤੁਹਾਡੇ ਸਪਾਉਸ ਕੋਲ ਹੋ ਸਕਦੇ ਹਨ ਪਰ ਤੁਸੀਂ ਇਹ ਸਾਬਤ ਨਹੀਂ ਕਰ ਸਕਦੇ। ਉਦਾਹਰਣ ਲਈ, ਤੁਹਾਡਾ ਇਹ ਯਕੀਨ ਹੋ ਸਕਦਾ ਹੈ ਕਿ ਤੁਹਾਡਾ ਸਪਾਉਸ ਨਗਦ ਪੇਮੈਂਟਾਂ ਲੈ ਰਿਹਾ ਹੈ ਜਿਨ੍ਹਾਂ ਬਾਰੇ ਉਹ ਦੱਸ ਨਹੀਂ ਰਿਹਾ, ਜਾਂ ਤੁਹਾਡਾ ਇਹ ਯਕੀਨ ਹੋ ਸਕਦਾ ਹੈ ਕਿ ਉਸ ਕੋਲ ਕਿਸੇ ਹੋਰ ਸੂਬੇ ਜਾਂ ਦੇਸ਼ ਵਿਚ ਪ੍ਰਾਪਰਟੀ ਹੈ। ਜੇ ਤੁਹਾਡੇ ਕੋਲ ਇਹ ਲਿਸਟ ਹੋਵੇ ਤਾਂ ਇਹ ਆਪਣੇ ਵਕੀਲ ਨਾਲ ਸਾਂਝੀ ਕਰੋ। ਜ਼ਿਆਦਾ ਪਤਾ ਲਾਉਣ ਲਈ ਕਿਸੇ ਇਨਵੈਸਟੀਗੇਟਰ ਦੀਆਂ ਸੇਵਾਵਾਂ ਲੈਣਾ ਵੀ ਸੰਭਵ ਹੋ ਸਕਦਾ ਹੈ।

Legal information may not be up to date



ਬੀ ਸੀ ਫੈਮਿਲੀ ਲਾਅ ਐਕਟ ਕਹਿੰਦਾ ਹੈ ਕਿ ਕਿਸੇ ਸਪਾਉਸ ਦੀ ਮਾਇਕ ਜਾਂ ਨਿੱਜੀ ਸੁਤੰਤਰਤਾ (ਆਜ਼ਾਦੀ ਜਾਂ ਫ੍ਰੀਡਮ) ਨੂੰ ਨਾਵਾਜਬ ਤੌਰ 'ਤੇ ਸੀਮਤ ਕਰਨਾ **ਪਰਿਵਾਰਕ ਹਿੰਸਾ** ਹੈ। **ਪਰਿਵਾਰਕ ਮਸਲਿਆਂ ਦੇ ਹੱਲ ਕਰਨ ਵਾਲੇ** ਸਾਰੇ **ਪੇਸ਼ਾਵਰਾਂ** ਲਈ, ਜਿਨ੍ਹਾਂ ਵਿਚ ਵਕੀਲ, ਮੀਡੀਏਟਰ ਅਤੇ ਫੈਮਿਲੀ ਜਸਟਿਸ ਕੌਂਸਲਰ ਸ਼ਾਮਲ ਹਨ, ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਕੀ ਉਨ੍ਹਾਂ ਦੇ ਗਾਹਕ ਨੂੰ ਪਰਿਵਾਰਕ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਇਸ ਨੇ ਸੇਫਟੀ ਅਤੇ ਗੱਲਬਾਤ ਦੀ ਵਾਜਬਤਾ 'ਤੇ ਕਿਵੇਂ ਅਸਰ ਪਾਇਆ ਹੈ। ਤੁਹਾਨੂੰ ਕਦੇ ਵੀ ਬੁਰਾ ਵਰਤਾਉ ਕਰਨ ਵਾਲੇ ਸਪਾਉਸ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਕੀਤੇ ਗਏ ਮਹਿਸੂਸ ਨਹੀਂ ਹੋਣਾ ਚਾਹੀਦਾ।

## *ਆਪਣੀ ਮਾਇਕ ਸਟੇਟਮੈਂਟ ਤਿਆਰ ਕਰਨਾ*

Preparing your financial statement

ਮਾਇਕ ਸਟੇਟਮੈਂਟ ਵਿਚ ਹਰ ਸਪਾਉਸ ਆਪਣੀ ਆਮਦਨ, ਜਾਇਦਾਦ, ਖਰਚੇ ਅਤੇ ਕਰਜ਼ੇ ਦਰਜ ਕਰਦਾ ਹੈ। ਇਸ ਨਾਲ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਇਕ ਦੂਜੇ ਦੀ ਮਾਇਕ ਹਾਲਤ ਸਮਝਣ ਵਿਚ ਉਨ੍ਹਾਂ ਦੀ ਮਦਦ ਹੁੰਦੀ ਹੈ।

ਜੇ ਤੁਸੀਂ ਅਦਾਲਤ ਨੂੰ ਇਹ ਕਹਿਣ ਦੀ ਪਲੈਨ ਬਣਾ ਰਹੇ ਹੋਵੋ ਕਿ ਤੁਹਾਡੇ ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰ ਦਿੱਤਾ ਜਾਵੇ ਤਾਂ ਤੁਹਾਨੂੰ ਫਾਰਮ ਐੱਫ 8 ਨਾਂ ਦੇ ਇਕ ਖਾਸ ਫਾਰਮ ਵਿਚ ਇਕ ਮਾਇਕ ਸਟੇਟਮੈਂਟ ਭਰਨੀ ਪਵੇਗੀ, ਜੋ ਕਿ ਸੁਪਰੀਮ ਕੋਰਟ ਦਾ ਅਪੈਨਡੈਕਸ ਏ ਹੈ। ਫੈਮਿਲੀ ਰੂਲਜ਼। ਇਸ ਫਾਰਮ ਦੇ ਛੇ ਹਿੱਸੇ ਹਨ, ਪਰ ਤੁਹਾਨੂੰ ਸਿਰਫ ਉਹ ਹਿੱਸੇ ਭਰਨ ਦੀ ਲੋੜ ਹੈ ਜਿਹੜੇ ਤੁਹਾਡੀ ਹਾਲਤ 'ਤੇ ਲਾਗੂ ਹੁੰਦੇ ਹਨ। ਤੁਸੀਂ ਇਹ ਫਾਰਮ www.ag.gov.bc.ca/courts/forms/sup_family/F8.pdf 'ਤੇ ਔਨਲਾਈਨ ਲੈ ਸਕਦੇ ਹੋ।

ਮਾਇਕ ਸਟੇਟਮੈਂਟ ਤਿਆਰ ਕਰਨਾ ਇਕ ਔਖਾ ਕੰਮ ਹੋ ਸਕਦਾ ਹੈ। ਇਹ ਫਾਰਮ ਬਹੁਤ ਸਾਰੀ ਜਾਣਕਾਰੀ ਮੰਗਦਾ ਹੈ। ਇਸ ਨੂੰ ਭਰਨ ਲਈ ਆਪਣਾ ਸਮਾਂ ਲਉ। ਆਪਣੇ ਘਰ ਦੇ ਖਰਚਿਆਂ ਬਾਰੇ ਈਮਾਨਦਾਰੀ ਨਾਲ ਦੱਸੋ ਅਤੇ ਇਸ ਚੀਜ਼ ਨੂੰ ਘਟਾ ਕੇ ਨਾ ਦੱਸੋ ਕਿ ਤੁਹਾਨੂੰ ਕਿੰਨੇ ਪੈਸੇ ਗਰੌਸਰੀਆਂ, ਬੱਚਿਆਂ ਦੀਆਂ ਸਕੂਲ ਸਪਲਾਈਆਂ, ਚਾਇਲਡਕੇਅਰ ਅਤੇ ਹੋਰ ਖਰਚਿਆਂ 'ਤੇ ਖਰਚਣ ਦੀ ਲੋੜ ਹੈ। ਜੇ ਤੁਹਾਡੀ ਆਮਦਨ ਘੱਟ ਹੈ ਜਾਂ ਜੇ ਤੁਸੀਂ ਸੋਸ਼ਲ ਅਸਿਸਟੈਂਸ 'ਤੇ ਨਿਰਭਰ ਕਰਦੇ ਹੋ ਤਾਂ ਹੋ ਸਕਦਾ ਤੁਹਾਡੇ ਕੋਲ ਖਾਣੇ, ਕੱਪੜਿਆਂ, ਚਾਇਲਡਕੇਅਰ, ਅਤੇ ਹੋਰ ਅਜਿਹੀਆਂ ਚੀਜ਼ਾਂ ਲਈ ਪੈਸੇ ਨਾ ਹੋਣ ਜਿਨ੍ਹਾਂ ਦੀ ਤੁਹਾਡੇ ਬੱਚਿਆਂ ਨੂੰ ਹੁਣ ਲੋੜ ਹੈ। ਆਪਣੀ ਮਾਇਕ ਸਟੇਟਮੈਂਟ ਵਿਚ ਤੁਸੀਂ ਉਹ ਪੈਸੇ ਲਿਖ ਸਕਦੇ ਹੋ ਜਿਹੜੇ ਤੁਸੀਂ ਇਨ੍ਹਾਂ ਚੀਜ਼ਾਂ 'ਤੇ ਖਰਚ ਕਰੋਗੇ, ਜੇ ਤੁਹਾਡੇ ਕੋਲ ਕਾਫੀ ਪੈਸੇ ਹੋਣ।

ਕੋਈ ਵੀ ਉਹ ਸਵਾਲ ਲਿਖ ਲਵੋ ਜਿਹੜਾ ਤੁਹਾਡੇ ਮਨ ਵਿਚ ਹੋਵੇ ਜਾਂ ਉਹ ਚੀਜ਼ਾਂ ਲਿਖੋ ਜਿਹੜੀਆਂ ਤੁਸੀਂ ਨਹੀਂ ਸਮਝਦੇ। ਇਹ ਜਾਣਕਾਰੀ ਲੈਣ ਲਈ ਕਿ ਅਜਿਹੇ ਕਾਨੂੰਨੀ ਮਾਹਰ ਕਿੱਥੋਂ ਲੱਭਣੇ ਹਨ ਜਿਹੜੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਣ, ਸਫ 14 – 15 ਦੇਖੋ।

Legal information may not be up to date

ਤੁਹਾਡੇ ਲਈ ਆਪਣੀ ਮਾਇਕ ਸਟੇਟਮੈਂਟ ਨਾਲ ਅੱਗੇ ਲਿਖੇ ਪੇਪਰਾਂ ਦੀਆਂ ਕਾਪੀਆਂ ਲਾਉਣਾ ਜ਼ਰੂਰੀ ਹੈ:

- ਪਿਛਲੇ ਤਿੰਨ ਸਾਲਾਂ ਦੇ ਹਰ ਸਾਲ ਲਈ ਟੈਕਸ ਰੀਟਰਨਾਂ, ਸਮੇਤ ਨੋਟਿਸਿਜ਼ ਔਫ ਅਸੈੱਸਮੈਂਟ ਜਾਂ ਰੀਅਸੈੱਸਮੈਂਟ
- ਜੇ ਤੁਸੀਂ ਕੰਮ ਕਰਦੇ ਹੋਵੋ ਤਾਂ ਤੁਹਾਡੀ ਆਮਦਨੀ ਦੀ ਤਾਜ਼ਾ ਸਟੇਟਮੈਂਟ ਜਿਹੜੀ ਕਿ ਇਹ ਦਿਖਾਉਂਦੀ ਹੋਵੇ ਕਿ ਇਸ ਸਾਲ ਹੁਣ ਤੱਕ ਕੁੱਲ ਕਿੰਨੇ ਪੈਸੇ ਮਿਲੇ ਹਨ
- ਜੇ ਤੁਸੀਂ ਕੰਮ ਨਹੀਂ ਕਰਦੇ ਅਤੇ ਸਰਕਾਰੀ ਭੱਤੇ (ਬੈਨੇਫਿਟਸ) ਲੈਂਦੇ ਹੋਵੋ ਤਾਂ ਤੁਹਾਡੀਆਂ ਇਮਪਲੌਏਮੈਂਟ ਇਨਸ਼ੋਰੈਂਸ (ਈ ਆਈ) ਬੈਨੇਫਿਟ ਦੀਆਂ, ਵਰਕਰਜ਼ ਕੰਪਨਸੇਸ਼ਨ ਬੈਨੇਫਿਟਸ ਦੀਆਂ ਤਿੰਨ ਤਾਜ਼ੀਆਂ ਸਟੇਟਮੈਂਟਾਂ ਜਾਂ ਇਕ ਸਟੇਟਮੈਂਟ ਜਿਹੜੀ ਤੁਹਾਨੂੰ ਮਿਲਦੀ ਇਨਕਮ ਅਸਿਸਟੈਂਸ (ਵੈਲਫੇਅਰ) ਦੀ ਰਕਮ ਦਿਖਾਉਂਦੀ ਹੋਵੇ
- ਜੇ ਤੁਸੀਂ ਕਿਸੇ ਘਰ ਦੇ ਜਾਂ ਹੋਰ ਪ੍ਰਾਪਰਟੀ ਦੇ ਮਾਲਕ ਹੋ ਤਾਂ ਅਸੈੱਸਮੈਂਟ ਅਥਾਰਟੀ ਤੋਂ ਪ੍ਰਾਪਰਟੀ ਦਾ ਸਭ ਤੋਂ ਤਾਜ਼ਾ ਅਸੈੱਸਮੈਂਟ ਨੋਟਿਸ
- ਜੇ ਤੁਹਾਡਾ ਆਪਣਾ ਕੰਮ ਹੈ ਜਾਂ ਜੇ ਤੁਸੀਂ ਕਿਸੇ ਕਾਰਪੋਰੇਸ਼ਨ ਨੂੰ ਕੰਟਰੋਲ ਕਰਦੇ ਹੋ ਤਾਂ ਪਿਛਲੇ ਤਿੰਨ ਸਾਲਾਂ ਦੀਆਂ ਬਿਜ਼ਨਸ ਮਾਇਕ ਸਟੇਟਮੈਂਟਾਂ ਅਤੇ ਇਕ ਸਟੇਟਮੈਂਟ ਜਿਹੜੀ ਤੁਹਾਡੇ ਵਲੋਂ ਆਪਣੇ ਨੇੜੇ ਦੇ ਕਿਸੇ ਵੀ ਵਿਅਕਤੀ ਨੂੰ ਦਿੱਤੀਆਂ ਗਈਆਂ ਸੈਲਰੀਜ਼, ਤਨਖਾਹਾਂ, ਮੈਨੇਜਮੈਂਟ ਫੀਸਾਂ ਜਾਂ ਹੋਰ ਪੇਮੈਂਟਾਂ ਦਿਖਾਉਂਦੀ ਹੋਵੇ (ਜੋ ਕਿ ਜ਼ਿਆਦਾ ਨਜ਼ਦੀਕੀ ਨਹੀਂ ਹੈ), ਜਿਵੇਂ ਕਿ ਪਰਿਵਾਰ ਦਾ ਮੈਂਬਰ ਜਾਂ ਜਿਸ ਨਾਲ ਤੁਸੀਂ ਡੇਟਿੰਗ ਕਰ ਰਹੇ ਹੋਵੋ
- ਜੇ ਤੁਸੀਂ ਬਿਜ਼ਨਸ ਵਿਚ ਹਿੱਸੇਦਾਰ ਹੋ ਤਾਂ ਇਕ ਸਟੇਟਮੈਂਟ ਜਿਹੜੀ ਪਿਛਲੇ ਤਿੰਨ ਸਾਲਾਂ ਵਿਚ ਸਾਂਝੀਦਾਰੀ ਵਿੱਚੋਂ ਲਈ ਗਈ ਕੋਈ ਵੀ ਆਮਦਨ ਅਤੇ ਇਸ ਵਿਚਲੀ ਪੂੰਜੀ ਨੂੰ ਦਿਖਾਉਂਦੀ ਹੋਵੇ।
- ਜੇ ਤੁਸੀਂ ਕਿਸੇ ਟਰੱਸਟ ਹੇਠ ਲਾਭਪਾਤਰ (ਬੈਨੇਫਿਸ਼ਰੀ) ਹੋ ( ਜਦੋਂ ਕੋਈ ਹੋਰ ਤੁਹਾਡੇ ਫਾਇਦੇ ਲਈ ਪ੍ਰਾਪਰਟੀ ਸਾਂਭ ਕੇ ਰੱਖਦਾ ਹੈ) ਤਾਂ ਟਰੱਸਟ ਸੈਟਲਮੈਂਟ ਐਗਰੀਮੈਂਟ ਦੀ ਇਕ ਕਾਪੀ ਅਤੇ ਟਰੱਸਟ ਦੀਆਂ ਤਿੰਨ ਸਭ ਤੋਂ ਤਾਜ਼ਾ ਸਲਾਨਾ ਮਾਇਕ ਸਟੇਟਮੈਂਟਾਂ

ਆਪਣੀ ਮਾਇਕ ਸਟੇਟਮੈਂਟ ਤਿਆਰ ਕਰ ਲੈਣ ਤੋਂ ਬਾਅਦ, ਤੁਹਾਨੂੰ ਇਸ ਨੂੰ **ਕਮਿਸ਼ਨਰ ਔਫ ਓਥਜ਼** (ਕੋਈ ਵਕੀਲ, ਨੋਟਰੀ ਪਬਲਿਕ, ਸਰਕਾਰੀ ਏਜੰਟ, ਜਾਂ ਕੋਰਟ ਰਜਿਸਟਰੀ ਵਿਖੇ ਕਿਸੇ ਕਲਰਕ) ਕੋਲ ਲਿਜਾਣਾ ਜ਼ਰੂਰੀ ਹੈ ਅਤੇ **ਸਹੁੰ ਚੁੱਕ** ਕੇ ਇਹ ਕਹਿਣਾ ਜਾਂ **ਤਸਦੀਕ** ਕਰਨਾ ਜ਼ਰੂਰੀ ਹੈ ਕਿ ਇਹ ਮੁਕੰਮਲ ਅਤੇ ਸਹੀ ਹੈ। ਜੇ ਤੁਹਾਡੀ ਮਾਇਕ ਸਟੇਟਮੈਂਟ ਦੀ ਕੋਈ ਤੁੱਕ ਨਾ ਬਣਦੀ ਹੋਵੇ, ਇਸ ਵਿਚ ਝੂਠੀ ਜਾਂ ਵਧਾ ਚੜ੍ਹਾ ਕੇ ਜਾਣਕਾਰੀ ਹੋਵੇ, ਜਾਂ ਇਸ ਵਿਚ ਜ਼ਰੂਰੀ ਜਾਣਕਾਰੀ ਨਾ ਹੋਵੇ ਤਾਂ ਤੁਹਾਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ।

ਜੇ ਤੁਹਾਡੇ ਸਪਾਉਸ ਦੀ ਮਾਇਕ ਸਟੇਟਮੈਂਟ ਵਿਚ ਸਾਰੀ ਜ਼ਰੂਰੀ ਜਾਣਕਾਰੀ ਨਾ ਹੋਵੇ ਤਾਂ ਤੁਸੀਂ **ਡੀਮਾਂਡ ਪਾਰਟੀਕੁਲਰਜ਼** ਕਰ ਸਕਦੇ ਹੋ ਜਿਸ ਦਾ ਮਤਲਬ ਹੈ ਕਿ ਤੁਸੀਂ ਜ਼ਿਆਦਾ ਵੇਰਵੇ ਮੰਗ ਸਕਦੇ ਹੋ। ਜੇ ਤੁਹਾਡਾ ਸਪਾਉਸ ਇਹ ਜਾਣਕਾਰੀ ਨਹੀਂ ਦਿੰਦਾ ਤਾਂ ਅਦਾਲਤ ਤੁਹਾਡੇ ਸਪਾਉਸ ਨੂੰ ਇਹ ਜਾਣਕਾਰੀ ਦੇਣ ਜਾਂ ਨਵੀਂ ਮਾਇਕ ਸਟੇਟਮੈਂਟ ਤਿਆਰ ਕਰਨ ਦਾ ਆਰਡਰ ਕਰ ਸਕਦੀ ਹੈ।

Legal information may not be up to date



# ਆਪਣੇ ਕੇਸ ਦੀ ਪੈਰਵੀ ਕਰਨਾ ਅਤੇ ਕਿਸੇ ਵਕੀਲ ਨਾਲ ਕੰਮ ਕਰਨਾ

Managing your case and working with a lawyer

ਅਦਾਲਤ ਨੂੰ ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰਨ ਲਈ ਕਹਿਣਾ ਇਕ ਚੁਣੌਤੀ ਹੋ ਸਕਦਾ ਹੈ। ਤੁਸੀਂ ਅਜਿਹਾ ਕਰਨ ਲਈ ਮਦਦ ਲੈ ਸਕਦੇ ਹੋ। ਮੁਫਤ ਕਾਨੂੰਨੀ ਸਲਾਹ ਬਾਰੇ ਜਾਣਕਾਰੀ ਲਈ ਸਫੇ 14 – 15 ਦੇਖੋ।

ਆਮ ਤੌਰ 'ਤੇ, ਨੁਮਾਇੰਦਗੀ ਕਰਨ ਦੀਆਂ ਸੇਵਾਵਾਂ ਦੇ ਰੂਪ ਵਿਚ ਲੀਗਲ ਏਡ (ਅਦਾਲਤ ਵਿਚ ਤੁਹਾਡੀ **ਨੁਮਾਇੰਦਗੀ** ਕਰਨ ਲਈ ਵਕੀਲ ਜਾਂ ਵਕੀਲ ਕੋਲ ਰੈਫਰ ਕਰਨਾ) ਤੁਹਾਡੇ ਸੈਪਾਰੇਸ਼ਨ ਐਗਰੀਮੈਂਟ ਨੂੰ ਰੱਦ ਕਰਨ ਦੀ ਤੁਹਾਡੀ ਅਰਜ਼ੀ ਵਿਚ ਮਦਦ ਲਈ ਮੌਜੂਦ ਨਹੀਂ ਹੁੰਦੀ ਜੇ ਤੁਹਾਡਾ ਇੱਕੋ ਇਕ ਮਸਲਾ ਜਾਇਦਾਦ ਦੀ ਵਾਜਬ ਵੰਡ ਹੁੰਦਾ ਹੈ। ਖਾਸ ਹਾਲਤਾਂ ਵਿਚ ਲੀਗਲ ਏਡ ਦੇ ਵਕੀਲ ਲਈ ਖਾਸ ਕਵਰੇਜ ਉਪਲਬਧ ਹੋ ਸਕਦੀ ਹੈ; ਉਦਾਹਰਣ ਲਈ, ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋਇਆ ਹੈ ਜਿਸ ਕਰਕੇ ਤੁਸੀਂ ਅਦਾਲਤ ਵਿਚ ਆਪਣੀ ਨੁਮਾਇੰਦਗੀ ਨਹੀਂ ਕਰ ਸਕਦੇ, ਜਾਂ ਜੇ ਬੱਚਿਆਂ ਨੂੰ ਪਾਲਣ ਅਤੇ ਸੁਪੋਰਟ (ਮਦਦ) ਦੇ ਮਸਲੇ ਹੋਣ। ਆਮ ਤੌਰ 'ਤੇ, ਤੁਹਾਨੂੰ ਆਪਣੇ ਵਕੀਲ ਦਾ ਖਰਚਾ ਆਪ ਦੇਣਾ ਪਵੇਗਾ, ਜਾਂ ਤੁਹਾਨੂੰ ਆਪਣੀ ਨੁਮਾਇੰਦਗੀ ਆਪ ਕਰਨੀ ਪਵੇਗੀ।

ਸੈਪਾਰੇਸ਼ਨ ਐਗਰੀਮੈਂਟ ਰੱਦ ਕਰਵਾਉਣ ਲਈ ਤੁਹਾਨੂੰ ਬੀ ਸੀ ਸੁਪਰੀਮ ਕੋਰਟ ਵਿਚ ਅਪਲਾਈ ਕਰਨਾ ਪਵੇਗਾ ਅਤੇ ਆਪਣੇ ਪੇਪਰ ਦਰਜ ਕਰਵਾਉਣ ਲਈ ਫੀਸਾਂ ਦੇਣੀਆਂ ਪੈਣਗੀਆਂ। ਜੇ ਤੁਹਾਡੀ ਆਮਦਨ ਘੱਟ ਹੋਵੇ ਜਾਂ ਜੇ ਤੁਸੀਂ ਇਨਕਮ ਅਸਿਸਟੈਂਸ ਲੈਂਦੇ ਹੋਵੋ ਤਾਂ ਤੁਸੀਂ ਇਹ ਫੀਸਾਂ **ਮੁਆਫ ਕੀਤੇ ਜਾਣ** ਦੇ ਆਰਡਰ ਲਈ ਅਪਲਾਈ ਕਰ ਸਕਦੇ ਹੋ। ਇਸ ਨੂੰ ਗਰੀਬੀ ਦੇ ਦਰਜੇ (ਇੰਡੀਜੈਂਟ ਸਟੇਟੱਸ) ਲਈ ਅਰਜ਼ੀ ਆਖਿਆ ਜਾਂਦਾ ਹੈ। ਐੱਲ ਐੱਸ ਐੱਸ ਫੈਮਿਲੀ ਲਾਅ ਇਨ ਬੀ ਸੀ ਦੇ ਵੈੱਬਸਾਈਟ 'ਤੇ ਹਰ ਕਦਮ ਦੱਸਣ ਵਾਲੀ ਸਵੈ-ਮਦਦ ਲਈ ਗਾਈਡ ਹੈ ਜਿਹੜੀ ਇਹ ਦੱਸਦੀ ਹੈ ਕਿ ਅਦਾਲਤ ਦੀਆਂ ਫੀਸਾਂ ਮੁਆਫ ਕਰਵਾਉਣ ਲਈ ਅਰਜ਼ੀ ਕਿਵੇਂ ਦੇਣੀ ਹੈ। www.familylaw.lss.bc.ca/guides/waiveFees/index.php ਦੇਖੋ।

ਇਸ ਚੀਜ਼ ਸਬੰਧੀ ਕੁਝ ਸੁਝਾਅ ਇਹ ਹਨ ਕਿ ਤੁਸੀਂ ਆਪਣਾ ਕੇਸ ਕਿਵੇਂ ਸਾਂਭ ਸਕਦੇ ਹੋ ਅਤੇ ਕਿਸੇ ਵਕੀਲ ਨਾਲ ਕਿਵੇਂ ਕੰਮ ਕਰ ਸਕਦੇ ਹੋ।

Legal information may not be up to date

- ਯਾਦ ਰੱਖੋ ਕਿ ਵਕੀਲ ਵਕੀਲਾਂ ਵਾਂਗ ਸੋਚਦੇ ਹਨ। ਉਹ ਕਾਨੂੰਨੀ ਸਮੱਸਿਆਵਾਂ ਦਾ ਪਤਾ ਲਾਉਣ ਅਤੇ ਇਨ੍ਹਾਂ ਦੇ ਹੱਲ ਕਰਨ ਲਈ ਟਰੇਂਡ ਹੁੰਦੇ ਹਨ, ਪਰ ਉਹ ਸੋਸ਼ਲ ਵਰਕਰ ਜਾਂ ਕੌਂਸਲਰ ਨਹੀਂ ਹਨ। ਟਰੇਂਡ ਕੌਂਸਲਰ ਅਤੇ ਫੈਮਿਲੀ ਸੁਪੋਰਟ ਵਰਕਰ ਤੁਹਾਡੀ ਜਜ਼ਬਾਤੀ ਮਦਦ ਕਰ ਸਕਦੇ ਹਨ ਅਤੇ ਤੁਹਾਡੇ ਕਾਨੂੰਨੀ ਮਸਲਿਆਂ ਦੀ ਪਛਾਣ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

- ਮਹੱਤਵਪੂਰਨ ਘਟਨਾਵਾਂ ਦੀ ਸਮਾਂ-ਸੀਮਾ ਬਣਾ ਲਵੋ। ਇਸ ਨਾਲ ਤੁਹਾਡੇ ਵਕੀਲ ਦੀ ਤੁਹਾਡੀ ਹਾਲਤ ਸਮਝਣ ਵਿਚ ਮਦਦ ਹੋਵੇਗੀ। ਕਈ ਚੀਜ਼ਾਂ ਲਿਖ ਲਵੋ ਜਿਵੇਂ ਕਿ ਤੁਹਾਡੇ ਬੱਚੇ ਕਦੋਂ ਪੈਦਾ ਹੋਏ ਸੀ, ਤੁਸੀਂ ਅਤੇ ਤੁਹਾਡੇ ਸਪਾਉਸ ਨੇ ਘਰ ਕਦੋਂ ਖਰੀਦਿਆ ਸੀ, ਤੁਸੀਂ ਕਦੋਂ ਇਕੱਠੇ ਰਹਿਣਾ ਬੰਦ ਕਰ ਦਿੱਤਾ ਸੀ, ਆਦਿ। ਵਕੀਲਾਂ ਦਾ ਸਮਾਂ ਕੀਮਤੀ ਹੁੰਦਾ ਹੈ, ਇਸ ਕਰਕੇ ਮੀਟਿੰਗਾਂ ਦੌਰਾਨ ਸਿਰਫ ਜ਼ਰੂਰੀ ਵੇਰਵਿਆਂ ਉੱਪਰ ਹੀ ਧਿਆਨ ਦਿਉ।

- ਆਪਣੇ ਵਕੀਲ ਲਈ ਸਵਾਲਾਂ ਦੀ ਇਕ ਲਿਸਟ ਬਣਾਉ। ਇਸ ਨਾਲ ਤੁਹਾਨੂੰ ਉਹ ਸਾਰੀ ਜਾਣਕਾਰੀ ਮਿਲਣ ਵਿਚ ਮਦਦ ਹੋਵੇਗੀ ਜਿਸ ਦੀ ਤੁਹਾਨੂੰ ਆਪਣੇ ਵਕੀਲ ਤੋਂ ਲੋੜ ਹੈ ਅਤੇ ਤੁਸੀਂ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝ ਸਕੋਗੇ। ਜੇ ਤੁਹਾਡਾ ਵਕੀਲ ਤੁਹਾਨੂੰ ਕੋਈ ਅਜਿਹੀ ਗੱਲ ਦੱਸਦਾ ਹੈ ਜਿਸ ਦੀ ਤੁਹਾਨੂੰ ਸਮਝ ਨਾ ਪਈ ਹੋਵੇ ਤਾਂ ਉਸ ਨੂੰ ਵਿਸਥਾਰ ਵਿਚ ਦੱਸਣ ਲਈ ਕਹੋ। ਇਹ ਜ਼ਰੂਰੀ ਹੈ ਕਿ ਆਪਣੇ ਵਕੀਲ ਨਾਲ ਮੀਟਿੰਗ ਪਿੱਛੋਂ ਤੁਸੀਂ ਉਲਝੇ ਹੋਏ ਮਹਿਸੂਸ ਨਹੀਂ ਕਰਦੇ ਹੋਣੇ ਚਾਹੀਦੇ।

- ਜੇ ਤੁਸੀਂ ਕਰ ਸਕਦੇ ਹੋਵੋ ਤਾਂ ਆਪਣੇ ਨਾਲ ਕਿਸੇ ਦੋਸਤ ਜਾਂ ਮਦਦ ਕਰਨ ਵਾਲੇ ਕਿਸੇ ਹੋਰ ਵਿਅਕਤੀ ਨੂੰ ਲੈ ਕੇ ਜਾਉ। ਆਪਣੇ ਵਕੀਲ ਵਲੋਂ ਦੱਸੀ ਗਈ ਹਰ ਗੱਲ ਯਾਦ ਰੱਖਣਾ ਔਖਾ ਹੋ ਸਕਦਾ ਹੈ, ਖਾਸ ਕਰਕੇ ਜੇ ਤੁਸੀਂ ਬਹੁਤ ਭਾਵਕ ਮਹਿਸੂਸ ਕਰ ਰਹੇ ਹੋਵੋ ਜਾਂ ਕਿਸੇ ਗੁੰਝਲਦਾਰ ਹਾਲਤ ਨਾਲ ਸਿੱਝ ਰਹੇ ਹੋਵੋ। ਕੋਈ ਦੋਸਤ ਜਾਂ ਹਿਮਾਇਤੀ ਨੋਟ ਲਿਖ ਕੇ ਅਤੇ ਪੁੱਛਣ ਵਾਲੇ ਜ਼ਰੂਰੀ ਸਵਾਲ ਤੁਹਾਨੂੰ ਚੇਤੇ ਕਰਵਾ ਕੇ ਤੁਹਾਡੀ ਮਦਦ ਕਰ ਸਕਦਾ ਹੈ। ਅਪੌਇੰਟਮੈਂਟ ’ਤੇ ਆਪਣੇ ਨਾਲ ਕਿਸੇ ਨੂੰ ਲਿਜਾਣ ਤੋਂ ਪਹਿਲਾਂ ਆਪਣੇ ਵਕੀਲ ਤੋਂ ਪੁੱਛੋ।

- ਇਹ ਜਾਣੋ ਕਿ ਫੀਸਾਂ, ਅਦਾਇਗੀਆਂ (ਡਿਸਬਰਸਮੈਂਟਸ) ਅਤੇ ਖਰਚੇ ਵੱਖੋ ਵੱਖਰੀਆਂ ਚੀਜ਼ਾਂ ਹਨ। ਵਕੀਲ ਅਕਸਰ ਘੰਟੇ ਦੇ ਰੇਟ (**ਫੀਸਾਂ**) ਲੈਂਦੇ ਹਨ। ਫੋਟੋਕਾਪੀਆਂ ਅਤੇ ਡਾਕ ਟਿਕਟਾਂ ਵਰਗੀਆਂ ਚੀਜ਼ਾਂ ਲਈ ਵਾਧੂ ਖਰਚੇ ਵੀ ਹੋ ਸਕਦੇ ਹਨ (ਜਿਨ੍ਹਾਂ ਨੂੰ **ਡਿਸਬਰਸਮੈਂਟਸ** ਆਖਿਆ ਜਾਂਦਾ ਹੈ)। ਆਪਣੇ ਵਕੀਲ ਨੂੰ ਪੁੱਛੋ ਕਿ ਇਨ੍ਹਾਂ ਖਰਚਿਆਂ ਨੂੰ ਕਿਵੇਂ ਘੱਟ ਤੋਂ ਘੱਟ ਰੱਖਿਆ ਜਾ ਸਕਦਾ ਹੈ। ਜੇ ਤੁਸੀਂ ਆਪਣਾ ਕੇਸ ਹਾਰ ਜਾਉ ਤਾਂ ਤੁਹਾਨੂੰ ਦੂਜੀ ਧਿਰ ਦੇ **ਖਰਚੇ** ਵੀ ਦੇਣੇ ਪੈ ਸਕਦੇ ਹਨ।

- ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋਇਆ ਹੋਵੇ ਤਾਂ ਇਸ ਬਾਰੇ ਆਪਣੇ ਵਕੀਲ ਨੂੰ ਦੱਸੋ। ਜੇ ਤੁਹਾਡੇ ਸਪਾਉਸ ਨੇ ਤੁਹਾਡੇ ਜਾਂ ਤੁਹਾਡੇ ਬੱਚਿਆਂ ਨਾਲ ਸਰੀਰਕ ਤੌਰ ’ਤੇ, ਕਾਮੁਕ ਤੌਰ ’ਤੇ, ਜਜ਼ਬਾਤੀ ਤੌਰ ’ਤੇ ਜਾਂ ਮਾਇਕ ਤੌਰ ’ਤੇ ਬੁਰਾ ਵਰਤਾਉ ਕੀਤਾ ਹੋਵੇ, ਤੁਹਾਨੂੰ ਧਮਕੀਆਂ ਦਿੱਤੀਆਂ ਹੋਣ, ਤੁਹਾਡਾ ਪਿੱਛਾ ਕੀਤਾ ਹੋਵੇ, ਜਾਂ ਕਿਸੇ ਵੀ ਤਰੀਕੇ ਨਾਲ ਤੁਹਾਨੂੰ ਅਸੁਰੱਖਿਅਤ ਮਹਿਸੂਸ ਕਰਵਾਇਆ ਹੋਵੇ ਤਾਂ ਆਪਣੇ ਵਕੀਲ ਨੂੰ ਦੱਸੋ। ਤੁਹਾਡੇ ਵਕੀਲ ਨੂੰ **ਵਕੀਲ-ਅਸਾਮੀ ਭੇਤਦਾਰੀ** (ਲੌਈਅਰ-ਕਲਾਇੰਟ ਕੌਨਫੀਡੈਂਸ਼ੀਐਲਟੀ) ਦੀ ਰੱਖਿਆ ਕਰਨੀ ਪੈਂਦੀ ਹੈ, ਜਿਸ ਦਾ ਮਤਲਬ ਹੈ ਕਿ ਤੁਹਾਡਾ ਵਕੀਲ ਤੁਹਾਡੇ ਨਾਲ ਹੋਈ ਗੱਲਬਾਤ ਬਾਰੇ ਤੁਹਾਡੀ ਆਗਿਆ ਤੋਂ ਬਿਨਾਂ ਕਿਸੇ ਨੂੰ ਨਹੀਂ ਦੱਸ ਸਕਦਾ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਵਕੀਲ ਤੁਹਾਡੇ ਨਾਲ ਹੋਏ ਬੁਰੇ ਵਰਤਾਉ ਬਾਰੇ ਅਦਾਲਤ ਵਿਚ ਗੱਲ ਕਰੇ ਤਾਂ ਤੁਸੀਂ ਅਜਿਹਾ ਕਰਨ ਲਈ ਕਹਿ ਸਕਦੇ ਹੋ, ਪਰ ਬੁਰੇ ਵਰਤਾਉ ਬਾਰੇ ਆਪਣੇ ਵਕੀਲ ਨੂੰ ਦੱਸਣਾ ਚੰਗਾ ਹੁੰਦਾ ਹੈ।



Legal information may not be up to date

- ਆਪਣੀ ਸਾਰੀ ਜਾਣਕਾਰੀ ਦੀਆਂ ਕਾਪੀਆਂ ਕੋਲ ਰੱਖੋ। ਆਪਣੇ ਸਾਰੇ ਮਾਇਕ ਪੇਪਰਾਂ ਦੇ ਆਪਣੇ ਲਈ ਰਿਕਾਰਡ ਰੱਖਣ ਲਈ, ਇਨ੍ਹਾਂ ਨੂੰ ਆਪਣੇ ਵਕੀਲ ਨੂੰ ਦੇਣ ਤੋਂ ਪਹਿਲਾਂ ਇਨ੍ਹਾਂ ਦੀਆਂ ਕਾਪੀਆਂ ਕਰੋ। ਜੇ ਤੁਹਾਡੇ ਕੋਲ ਆਪਣੇ ਸੈਪਾਰੇਸ਼ਨ ਐਗਰੀਮੈਂਟ ਦੀ ਕਾਪੀ ਨਾ ਹੋਵੇ ਤਾਂ ਆਪਣੇ ਵਕੀਲ ਨੂੰ ਕਹੋ ਕਿ ਉਹ ਇਹ ਤੁਹਾਨੂੰ ਦੇਵੇ। ਜੇ ਐਗਰੀਮੈਂਟ ਕਰਨ ਵੇਲੇ ਤੁਹਾਡੇ ਕੋਲ ਵਕੀਲ ਨਹੀਂ ਸੀ ਤਾਂ ਤੁਸੀਂ ਇਸ ਦੀ ਕਾਪੀ ਕੋਰਟ ਰਜਿਸਟਰੀ ਤੋਂ ਲੈ ਸਕਦੇ ਹੋ ਜੇ ਇਹ ਉੱਥੇ ਦਰਜ ਕਰਵਾਇਆ ਗਿਆ ਸੀ।
- ਆਪ ਕਾਨੂੰਨ ਬਾਰੇ ਪੜ੍ਹੋ। ਤੁਸੀਂ ਸਵੈ-ਮਦਦ ਲਈ ਕੁਝ ਬਹੁਤ ਵਧੀਆ ਗਾਈਡਾਂ ਔਨਲਾਈਨ ਅਤੇ ਲਿਖਤੀ ਰੂਪ ਵਿਚ ਲੈ ਸਕਦੇ ਹੋ। ਬਹੁਤ ਸਾਰੀਆਂ ਅੰਗਰੇਜ਼ੀ ਤੋਂ ਬਿਨਾਂ ਹੋਰ ਜ਼ਬਾਨਾਂ ਵਿਚ ਵੀ ਮੌਜੂਦ ਹਨ। ਇਨ੍ਹਾਂ ਵਸੀਲਿਆਂ ਬਾਰੇ ਜਾਣਕਾਰੀ ਲਈ ਸਫ਼ 14 – 15 ਦੇਖੋ।

ਆਪਣੇ ਵਕੀਲ ਨਾਲ ਗੱਲ ਕਰਨ ਅਤੇ ਚੰਗੀ ਤਰ੍ਹਾਂ ਕੰਮ ਕਰਨ ਲਈ ਤਿਆਰੀ ਕਰਨ ਵਿਚ ਮਦਦ ਕਰਨ ਲਈ ਐੱਲ ਐੱਸ ਐੱਸ ਫੈਮਿਲੀ ਲਾਅ ਇਨ ਬੀ ਸੀ ਵੈੱਬਸਾਈਟ 'ਤੇ ਨਿਸ਼ਾਨ ਲਾਉਣ ਵਾਲੀ ਇਕ ਲਿਸਟ ਹੈ। www.familylaw.lss.bc.ca/assets/forms/checklistForWorkingWellWithLawyer.pdf ਦੇਖੋ।

## ਵਸੀਲੇ: ਮੁਫਤ ਕਾਨੂੰਨੀ ਮਦਦ ਕਿੱਥੋਂ ਲੈਣੀ ਹੈ

Resources: Where to get free legal help

**Legal Services Society Family Law in BC website**
(ਲੀਗਲ ਸਰਵਿਸਿਜ਼ ਸੁਸਾਇਟੀ ਦਾ ਫੈਮਿਲੀ ਲਾਅ ਇਨ ਬੀ ਸੀ ਵੈੱਬਸਾਈਟ)
www.familylaw.lss.bc.ca

ਫੈਮਿਲੀ ਲਾਅ ਨਾਲ ਸੰਬੰਧਿਤ ਆਮ ਪੁੱਛੇ ਜਾਂਦੇ ਸਵਾਲ, ਤੱਥ ਸ਼ੀਟਾਂ, ਸਵੈ-ਮਦਦ ਲਈ ਗਾਈਡਾਂ, ਲਿਖਤਾਂ, ਅਦਾਲਤਾਂ ਦੇ ਫਾਰਮ, ਪ੍ਰੀਭਾਸ਼ਾਵਾਂ, ਅਤੇ ਫੌਰਨ ਕਾਨੂੰਨੀ ਜਾਣਕਾਰੀ ਲੈਣ ਲਈ ਗੱਲਬਾਤ ਕਰਕੇ ਮਦਦ, ਇਕ ਲਾਈਵ-ਚੈਟ ਫੀਚਰ।

**Legal Services Society website** (ਲੀਗਲ ਸਰਵਿਸਿਜ਼ ਸੁਸਾਇਟੀ ਵੈੱਬਸਾਈਟ)
www.legalaid.bc.ca

ਸੇਵਾਵਾਂ ਬਾਰੇ ਜਾਣਕਾਰੀ, ਸਮੇਤ ਮੁਫਤ ਲਿਖਤਾਂ ਦੇ (ਜਿਵੇਂ ਕਿ *ਇਕੱਠੇ ਰਹਿਣਾ ਜਾਂ ਅਲੱਗ ਰਹਿਣਾ ਕਿਤਾਬਚਾ ਅਤੇ ਸੁਰੱਖਿਅਤ ਰਹੋ — ਬੁਰੇ ਵਰਤਾਉ ਦਾ ਅੰਤ ਕਰੋ* ਤੱਥ ਸ਼ੀਟਾਂ) ਫੈਮਿਲੀ ਡਿਊਟੀ ਕੌਂਸਲ ਤੋਂ ਕਾਨੂੰਨੀ ਸਲਾਹ ਜਾਂ ਪਰਿਵਾਰਾਂ ਨੂੰ ਸਲਾਹ ਦੇਣ ਵਾਲੇ ਵਕੀਲ, ਅਤੇ ਨੁਮਾਇੰਦੇ (ਤੁਹਾਡਾ ਕੇਸ ਲੈਣ ਲਈ ਵਕੀਲ), ਜੇ ਤੁਸੀਂ ਲੀਗਲ ਏਡ ਲਈ ਯੋਗ ਹੋਵੋ।

**LSS Family LawLINE** (ਐੱਲ ਐੱਸ ਐੱਸ ਫੈਮਿਲੀ ਲਾਅ ਲਾਈਨ)
604-408-2172 (ਗਰੇਟਰ ਵੈਨਕੂਵਰ)
1-866-577-2525 (ਬੀ ਸੀ ਵਿਚ ਹੋਰ ਕਿਤਿਉਂ ਵੀ ਮੁਫਤ ਫੋਨ ਕਰੋ)

ਘੱਟ ਆਮਦਨ ਵਾਲੇ ਲੋਕਾਂ ਲਈ ਫੈਮਿਲੀ ਲਾਅ ਦੇ ਮਾਮਲਿਆਂ ਬਰੇ ਕਿਸੇ ਵਕੀਲ ਤੋਂ ਸੰਖੇਪ, ਅਗਲੇ ਕਦਮ ਦੀ ਸਲਾਹ।

Legal information may not be up to date



**PovNet** (ਪੌਵਨੈੱਟ)
Find an Advocate (ਕੋਈ ਐਡਵੋਕੇਟ ਲੱਭੋ)
www.povnet.org/find-an-advocate

ਕੈਨੇਡਾ ਭਰ ਦੇ ਕਮਿਉਨਟੀ ਆਧਾਰਿਤ ਐਡਵੋਕੇਟਾਂ ਦੀ ਇਕ ਡਾਇਰੈਕਟਰੀ।

**Clicklaw** (ਕਲਿੱਕਲਾਅ)
www.clicklaw.bc.ca

ਵੱਖ ਵੱਖ ਕਮਿਉਨਟੀ ਸੰਸਥਾਵਾਂ ਅਤੇ ਸਰਕਾਰ ਵਲੋਂ ਕਾਨੂੰਨੀ ਜਾਣਕਾਰੀ ਅਤੇ ਵਸੀਲੇ।

**JP Boyd on Family Law** (ਜੇ ਪੀ ਬੋਇਡ ਔਨ ਫੈਮਿਲੀ ਲਾਅ)
wiki.clicklaw.bc.ca/index.php/JP_Boyd_on_Family_Law

ਬੀ ਸੀ ਵਿਚ ਫੈਮਿਲੀ ਲਾਅ ਬਾਰੇ ਜਾਣਕਾਰੀ ਦਾ ਸਰਲ ਭਾਸ਼ਾ ਵਿਚ ਵੈੱਬਸਾਈਟ।

**Toolkit for Immigrant Women Working with a Lawyer**
(ਟੂਲਕਿਟ ਫਾਰ ਇਮੀਗਰਾਂਟ ਵਿਮਨ ਵਰਕਿੰਗ ਵਿਦ ਏ ਲੌਈਅਰ)
www.bwss.org/wp-content/uploads/2011/01/Toolkit-for-Women-working-with-lawyers_EIWITLS.pdf

ਕਾਨੂੰਨੀ ਸਿਸਟਮ ਨਾਲ ਵਰਤ ਰਹੀਆਂ ਇਮੀਗਰਾਂਟ ਔਰਤਾਂ ਲਈ ਇਕ ਗਾਈਡ ਅਤੇ ਪੇਪਰਾਂ ਨੂੰ ਤਿਆਰ ਕਰਨ ਅਤੇ ਵਕੀਲਾਂ ਨਾਲ ਮੀਟਿੰਗਾਂ ਲਈ ਤਿਆਰੀ ਕਰਨ ਵਿਚ ਮਦਦ ਲਈ ਫਾਰਮਾਂ ਅਤੇ ਵਰਕਸ਼ੀਟਾਂ ਦੀ ਇਕ ਕਿਤਾਬ।

**The BC Family Law Act: A plain language guide for women who have experienced abuse** (ਬੀ ਸੀ ਫੈਮਿਲੀ ਲਾਅ ਐਕਟ: ਉਨ੍ਹਾਂ ਔਰਤਾਂ ਲਈ ਸਰਲ ਭਾਸ਼ਾ ਵਿਚ ਇਕ ਗਾਈਡ ਜਿਨ੍ਹਾਂ ਨੂੰ ਬੁਰੇ ਵਰਤਾਉ ਦਾ ਸਾਹਮਣਾ ਕਰਨਾ ਪਿਆ ਹੈ)
http://faculty.law.ubc.ca/cfls/centre/newsletters/fla_guide.pdf

ਯੂ ਬੀ ਸੀ ਦੇ ਸੈਂਟਰ ਫਾਰ ਫੈਮੀਨਿਸਟ ਲੀਗਲ ਸਟੱਡੀਜ਼ ਵਲੋਂ ਤਿਆਰ ਕੀਤੀ ਗਈ ਇਕ ਗਾਈਡ।

Legal information may not be up to date



Legal information may not be up to date

# ਇਸ ਕਿਤਾਬਚੇ ਦੀਆਂ ਮੁਫਤ ਕਾਪੀਆਂ ਕਿਵੇਂ ਲੈਣੀਆਂ ਹਨ

## How to get free copies of this booklet

*ਸੈਪਾਰੇਸ਼ਨ ਐਗਰੀਮੈਂਟਸ: ਤੁਹਾਡਾ ਇਨਸਾਫ ਮਿਲਣ ਦਾ ਹੱਕ* ਦੀਆਂ ਮੁਫਤ ਕਾਪੀਆਂ ਕਿਵੇਂ ਲੈਣੀਆਂ ਹਨ

ਆਰਡਰ ਕਰੋ: www.crownpub.bc.ca
(Quick Links, ਹੇਠ BC Public Legal Education & Information ’ਤੇ (ਕਲਿੱਕ ਕਰੋ)

ਪੜ੍ਹੋ: www.westcoastleaf.org
(Resources, ਹੇਠ Document Download Centre ’ਤੇ ਕਲਿੱਕ ਕਰੋ)

www.legalaid.bc.ca/publications

**ਆਰਡਰ ਕਰਨ ਬਾਰੇ ਸਵਾਲ ਹਨ?**
ਲੀਗਲ ਸਰਵਿਸਿਜ਼ ਸੁਸਾਇਟੀ ਨਾਲ ਸੰਪਰਕ ਕਰੋ
ਫੋਨ: 604-601-6000
distribution@lss.bc.ca

ਇਹ ਕਿਤਾਬਚਾ ਸਿੰਪਲੀਫਾਇਡ ਅਤੇ ਟ੍ਰਾਡੀਸ਼ਨਲ ਚਾਇਨੀਜ਼, ਅੰਗਰੇਜ਼ੀ, ਪੰਜਾਬੀ, ਸਪੇਨੀ ਅਤੇ ਟੈਗਾਲੌਗ ਵਿਚ ਮਿਲੇਗੀ।

West Coast LEAF @WestCoast_LEAF
Legal Aid BC @legalaidbc

WEST COAST
LEAF

555 – 409 Granville Street
Vancouver, BC V6C 1T2

604-684-8772 ਜਾਂ
1-866-737-7716 (ਮੁਫਤ)

www.westcoastleaf.org
info@westcoastleaf.org

Legal
Services
Society

British Columbia
www.legalaid.bc.ca

400 – 510 Burrard Street
Vancouver, BC V6C 3A8

604-601-6000

www.legalaid.bc.ca
publications@lss.bc.ca

Legal information may not be up to date

Status of Women Canada Condition féminine Canada

ਵੈੱਸਟ ਕੋਸਟ ਲੀਫ ਇਸ ਕਿਤਾਬਚੇ ਨੂੰ ਤਿਆਰ ਕਰਨ ਵਿਚ ਸਟੇਟੱਸ ਔਫ ਵਿਮਨ ਕੈਨੇਡਾ ਵਲੋਂ ਮਿਲੀ ਮਾਇਕ ਸਹਾਇਤਾ ਲਈ ਤਹਿ ਦਿਲੋਂ ਧੰਨਵਾਦੀ ਹੈ।